ੴ

# ਨਾਮਧਾਰੀਆਂ ਬਾਰੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਪਾ: ੧੨ਵੀਂ



ਜਗਦੀਸ਼ ਸਿੰਘ

ਨਾਮਧਾਰੀ ਵਿਦਿਅਕ ਜੱਥਾ, ਜੰਮੂ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ ੴ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਪ੍ਰਕਾਸ਼ਕ ਵਲੋਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਸਦਕਾ, ਸਤਿਗੁਰੂ ਰਾਮ ਸਿੰਘ ਪ੍ਰਦੇਸ-ਗਵਨ-ਸ਼ਤਾਬਦੀ ਦੇ ਅਵਸਰ ਸਮੇਂ 'ਨਾਮਧਾਰੀਆਂ ਬਾਰੇ' ਇਹ ਛੋਟਾ ਜਿਹਾ ਟਰੈਕਟ ਪ੍ਰਕਾਸ਼ਤ ਕਰਦਿਆਂ ਅਸੀਂ ਖੁਸ਼ੀ ਅਨੁਭਵ ਕਰ ਰਹੇ ਹਾਂ। ਮੁਤਾਬਕ ਹੀ ਇਸ ਸ਼ਤਾਬਦੀ ਸਮੇਂ ਦੀ ਬਸੰਤ ਪੰਚਮੀ ਦੇ ਅਵਸਰ ਤੇ ਇਸ ਟਰੈਕਟ ਰਾਹੀਂ ਨਾਮਧਾਰੀਆਂ ਬਾਬਤ ਅਤਿ ਸੰਖੇਪ ਰੂਪ ਵਿਚ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਅਗੋਂ ਵੀ ਅਸੀਂ ਨਾਮਧਾਰੀਆਂ ਸਬੰਧੀ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਤ ਕਰਨ ਵਾਸਤੇ ਜਤਨਸ਼ੀਲ ਰਹਾਂਗੇ।

ਇਸ ਟਰੈਕਟ ਦੀ ਤਿਆਰੀ ਵਿਚ ਸ੍ਰੀ ਪ੍ਰੀਤਮ ਸਿੰਘ ਜੀ ਕਵੀ ਨੇ ਸਾਨੂੰ ਬਹੁਤ ਸਹਿਯੋਗ ਅਤੇ ਅਗਵਾਈ ਬਖਸ਼ੀ, ਅਸੀਂ ਉਹਨਾਂ ਦੇ ਬਹੁਤ ਹੀ ਕ੍ਰਿਤੱਗਯ ਹਾਂ।

ਨਾਮਧਾਰੀ ਸੰਗਤ ਜੰਮੂ ਦਾ ਵੀ ਅਸੀਂ ਹਾਰਦਿਕ ਧੰਨਵਾਦ ਕਰਦੇ ਹਾਂ ਜਿਸ ਨੇ ਸਦਾ ਹੀ ਸਾਡੀ ਹਰ ਪ੍ਰਕਾਰ ਸਹਾਇਤਾ ਕੀਤੀ ਹੈ।

ਬਖਸ਼ੀਸ਼ ਸਿੰਘ
ਸਕੱਤਰ, ਨਾਮਧਾਰੀ ਵਿਦਿਅਕ ਜਥਾ, ਜੰਮੂ



Sri Satguru Jagjit Singh Ji Elibrary NamdhariElibrary@gmail.com

# ਕੂਕੇ ਸਿਖ

ਠੱਟਤ ਭਵਾਨੀ ਕੀ ਉਪਾਸਨਾ ਪਠਤ ਬਾਣੀ
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ ।
ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਵੀ
ਕਰ ਹੈ ਹਵਨ ਪਾਠ ਗਰੰਥ ਗੁਰੂ ਜੂ ਕੇ ਹੈਂ ।

ਦਸਮੇਂ ਗੁਰੂ ਕੇ ਸਿਖ ਸਾਦਕ ਸਹੀ ਹੈਂ ਸਭ
ਲਾਲਸਾ ਖਿਸਾਲ ਰਾਜ ਛੋਬੇ ਕੀ ਅਚੂਕੇ ਹੈਂ ।
ਹੇਰੇ ਜੈਸੇ ਲਖਨ ਹੈਂ ਟੇਰੇ ਤੈਸੇ ਗਿਆਨ ਸਿੰਘ
ਐਸੇ ਪਰਸਿੱਧ ਹੀ ਅਬਿੱਧ ਸਿੱਖ ਕੂਕੇ ਹੈਂ ।

—ਗਿਆਨੀ ਗਿਆਨ ਸਿੰਘ



Sri Satguru Jagjit Singh Ji Elibrary NamdhariElibrary@gmail.com

# ਸੂਚੀ


| | | |
|---|---|---|
| ਨਾਮਧਾਰੀਆਂ ਬਾਰੇ | ... | 7 |
| ਨਾਮਧਾਰੀ ਅਸੂਲ | ... | 10 |
| ਨਾਮਧਾਰੀ ਰਹਿਣ-ਸਹਿਣ | ... | 11 |
| ਜੁਗ ਜੁਗ ਪੀਹੜੀ | ... | 12 |
| ਗੁਰੂ ਬਾਲਕ ਸਿੰਘ | ... | 14 |
| ਗੁਰੂ ਰਾਮਸਿੰਘ | ... | 15 |
| ਸਤਿਗੁਰੂ ਹਰੀ ਸਿੰਘ | ... | 20 |
| ਸਤਿਗੁਰੂ ਪ੍ਰਤਾਪ ਸਿੰਘ | ... | 22 |
| ਸਤਿਗੁਰੂ ਜਗਜੀਤ ਸਿੰਘ | ... | 25 |




Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀਆਂ ਬਾਰੇ

## ਨਾਮਧਾਰੀ ਨਾਂਅ ਕਿਉਂ ?

ਨਾਮਧਾਰੀ ਜਾਂ ਕੂਕੇ ਅੰਮ੍ਰਿਤਧਾਰੀ ਸਿੰਘਾਂ ਦਾ ਪੰਥ ਹੈ। ਨਾਮਧਾਰੀ ਦਾ ਅਰਥ ਹੈ ਅਕਾਲ ਪੁਰਖ ਦੇ ਨਾਮ ਦਾ ਧਾਰਨੀ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਦਾ ਇਤਨਾ ਪ੍ਰਵਾਹ ਚਲਾਇਆ ਕਿ ਆਪ ਦੇ ਪੈਰੋਕਾਰਾਂ ਦਾ ਨਾਮ ਹੀ ਨਾਮਧਾਰੀ ਪ੍ਰਸਿਧ ਹੋ ਗਿਆ। ਕੂਕੇ ਦਾ ਭਾਵ ਹੈ ਕੂਕ ਮਾਰਨ ਵਾਲੇ। ਇਕ ਕਾਰਨ ਇਹ ਹੈ ਕਿ ਨਾਮਧਾਰੀਆਂ ਨੇ ਅੰਗ੍ਰੇਜ਼ ਸਾਮਰਾਜ ਵਿਰੁਧ ਸਭ ਤੋਂ ਪਹਿਲਾਂ ਕੂਕ ਮਾਰੀ ਸੀ ਅਤੇ ਦੇਸ਼ ਦੇ ਲੋਕਾਂ ਨੂੰ ਸਾਵਧਾਨ ਕੀਤਾ ਸੀ। ਦੂਸਰੇ ਪ੍ਰਭੂ ਭਗਤੀ ਦੀ ਅਤਿ ਉਪਰਲੀ ਮੰਜ਼ਲ ਤੇ ਨਾਮਧਾਰੀ ਸਿੱਖ ਮਸਤੀ ਦੀ ਹਾਲਤ ਵਿਚ ਉਚੀ ਉਚੀ ਬੋਲੇ ਬੋਲਦੇ ਜਿਸ ਕਰਕੇ ਇਹਨਾਂ ਦਾ ਨਾਮ ਕੂਕੇ ਪੈ ਗਿਆ। ਨਾਮਧਾਰੀਆਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ। ਪਰ ਜ਼ਿਆਦਾ ਨਾਮਧਾਰੀ ਨਾਮ ਹੀ ਪ੍ਰਸਿਧ ਹੋਇਆ ਹੈ। ਨਾਮਧਾਰੀ ਸਿੰਘਾਂ ਬਾਰੇ ਜਗਤ ਪ੍ਰਸਿਧ ਪੁਸਤਕ "ਐਨਸਾਈਕਲੋ-ਪੀਡੀਆ ਬ੍ਰਿਟੈਨਿਕਾ" ਵਿਚ ਇਸ ਪ੍ਰਕਾਰ ਲਿਖਿਆ ਹੈ :

> "ਕੂਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੱਟੜ ਪੈਰੋਕਾਰ ਹਨ। ਕੂਕੇ ਅੰਗ੍ਰੇਜ਼ੀ ਹਕੂਮਤ ਦੇ ਵੈਰੀ ਹਨ। ਉਨੀਵੀਂ ਸਦੀ ਵਿਚ ਜਦ ਸਿਖ ਜਨਤਾ ਅਤੇ ਸਿਖ ਸੰਪ੍ਰਦਾਵਾਂ ਅਸਲੀ ਸਿਖੀ ਤੋਂ ਦੁਰੇਡੇ ਜਾ ਰਹੀਆਂ ਸਨ, ਤਦ ਕੂਕੇ ਅਪਣੇ ਉਚ ਸਿਧਾਂਤਾਂ ਉੱਤੇ ਪੂਰਣ ਤੌਰ ਤੇ ਕਾਇਮ ਰਹੇ, ਭਾਂਵੇਂ ਉਹਨਾਂ ਦੀ ਗਿਣਤੀ ਘਟ ਹੋ ਗਈ।"

(ਯੂਨੀਵਰਸਟੀ ਆਫ ਸ਼ਿਕਾਗੋ ਐਡੀਸ਼ਨ,
ਸੰਨ 1946 ਪੁਸਤਕ 20 ਪੰਨਾ648)



Sri Satguru Jagjit Singh Ji Elibrary NamdhariElibrary@gmail.com

## ਸੁਦੇਸ਼ ਪ੍ਰੇਮੀ

ਨਾਮਧਾਰੀਆਂ ਨੇ ਆਪਣੇ ਸਤਿਗੁਰੂ ਸਾਹਿਬਾਨ ਦੀ ਅਗਵਾਈ ਹੇਠ ਅੰਗ੍ਰੇਜ਼ ਦੀ ਗੁਲਾਮੀ ਵਿਚੋਂ ਦੇਸ਼ ਨੂੰ ਮੁਕਤ ਕਰਾਉਣ ਵਾਸਤੇ ਬਹੁਤ ਸੰਘਰਸ਼ ਕੀਤਾ ਹੈ। ਇਸ ਦੇ ਫਲ-ਸਰੂਪ ਅੰਗਰੇਜ਼ੀ ਸਰਕਾਰ ਅਤੇ ਉਸਦੇ ਚਾਟੜੇ, ਦੇਸੀ ਰਾਜਿਆਂ ਮਹਾ-ਰਾਜਿਆਂ ਅਤੇ ਦੇਸ਼ ਧਰੋਹੀ ਟੋਡੀਆਂ ਦੇ ਭਿਆਨਕ ਤਸੀਹੇ ਝੱਲੇ ਹਨ। ਮੁਸੀਬਤਾਂ ਅਤੇ ਦੁਖਾਂ ਦੇ ਪਹਾੜਾਂ ਨਾਲ ਕਮਾਲ ਬਹਾਦਰੀ ਨਾਲ ਸਾਹਮਣਾ ਕੀਤਾ ਹੈ। ਨਾਮ-ਧਾਰੀਆਂ ਆਪਣੀ ਕੁਰਬਾਨੀ, ਤਪ, ਤਿਆਗ ਸਦਕਾ ਉਹ ਇਤਹਾਸ ਸਿਰਜਿਆ ਹੈ ਜੋ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ। ਓਹਨਾਂ ਦਾ ਈਜਾਦ ਕੀਤਾ ਨਵੀਨ ਸਿਆਸੀ ਹਥਿਆਰ ਨਾਮਿਲਵਰਤਣ, ਸੁਦੇਸੀ ਅਤੇ ਸਿਵਲ ਨਾਫੁਰਮਾਨੀ ਪਿਛੋਂ ਜਾਕੇ ਮਹਾਤਮਾ ਗਾਂਧੀ ਜੀ ਨੇ ਵੀ ਅਪਣਾਇਆ।

## ਨਾਮਧਾਰੀਆਂ ਦਾ ਮੁੱਖ ਕੇਂਦਰ

ਨਾਮਧਾਰੀਆਂ ਦਾ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਹੈ। ਸ੍ਰੀ ਭੈਣੀ ਸਾਹਿਬ ਲੁਧਿਆਣਾ ਚੰਡੀਗੜ੍ਹ ਸੜਕ ਉਪਰ ਲੁਧਿਆਣੇ ਤੋਂ 17 ਮੀਲ ਦੂਰ ਇਕ ਛੋਟਾ ਜਿਹਾ ਪਿੰਡ ਹੈ। ਇਸ ਦਾ ਪਹਿਲਾ ਨਾਮ ਭੈਣੀ ਰਾਈਆਂ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਇਥੇ ਅਵਤਾਰ ਧਾਰਨ ਕਰਕੇ ਇਹ ਪਿੰਡ ਭੈਣੀ ਸਾਹਿਬ ਨਾਂ ਨਾਲ ਪ੍ਰਸਿਧ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਇਸੇ ਪਿੰਡ ਵਿਚ ਹੀ ਹੋਇਆ ਹੈ। ਉਂਜ ਤਾਂ ਇਹ ਇਕ ਛੋਟਾ ਜਿਹਾ ਪਿੰਡ ਹੈ ਪਰੰਤੂ ਕੂਕਾ-ਅੰਦੋਲਨ ਦਾ ਜਨਮ-ਦਾਤਾ ਹੋਣ ਕਰਕੇ ਸੰਸਾਰ ਪ੍ਰਸਿੱਧ ਹੋ ਗਿਆ ਹੈ। ਭੈਣੀ ਸਾਹਿਬ ਦਾ ਅਪਣਾ ਨਿਰਾਲਾ ਅਤੇ ਇਨਕਲਾਬੀ ਇਤਿਹਾਸ ਹੈ। ਸਾਮਰਾਜ-ਵਿਰੋਧੀ ਦੇਸ਼ ਭਗਤਾਂ ਦੀ ਇਹ ਪਨਾਹ ਗਾਹ ਰਿਹਾ ਹੈ। ਇਸ ਦੀ ਧਰਤੀ ਨੇ ਨਾਮ-ਧਾਰੀ ਸੰਗਰਾਮ ਦੇ ਅਨੇਕਾਂ ਪੜਾਅ ਵੇਖੇ ਹਨ। ਪੂਰੇ ਪੰਜਾਹ ਸਾਲ (ਸੰਨ 1872 ਤੋਂ 1921) ਤਕ ਇਥੇ ਪੁਲੀਸ ਦੀ ਸਪੈਸ਼ਲ ਚੌਕੀ ਨਾਮਧਾਰੀਆਂ ਤੇ ਤਸ਼ਦਦ ਕਰਨ ਵਾਸਤੇ ਅੰਗ੍ਰੇਜ਼ ਨੇ ਬਠਾਈ ਰਖੀ ਹੈ। ਰਾਸ਼ਟਰੀਅ ਅਤੇ ਅੰਤਰ-ਰਾਸ਼ਟਰੀਅ ਪੱਧਰ ਦੀਆਂ ਕ੍ਰਾਂਤੀਕਾਰੀ ਸਕੀਮਾਂ ਇਥੇ ਉਲੀਕਿਆਂ ਜਾਂਦੀਆਂ ਰਹੀਆਂ ਹਨ। ਇਸ



Sri Satguru Jagjit Singh Ji Elibrary NamdhariElibrary@gmail.com

ਧਰਤੀ ਨੂੰ ਪਰਨਾਮ ਕਰਨ ਵਾਸਤੇ ਦੇਸ਼ ਦੇ ਉਘੇ ਸਿਆਸੀ ਅਤੇ ਧਾਰਮਿਕ ਆਗੂ ਵੱਖ ਵੱਖ ਸਮਿਆਂ ਵਿਚ ਪਧਾਰੇ ਹਨ । ਇਥੇ ਹਰ ਵਕਤ ਗੁਰੂ ਕਾ ਲੰਗਰ ਖੁੱਲ੍ਹਾ ਰਹਿੰਦਾ ਹੈ ਅਤੇ ਸਵਾ ਸਦੀ ਤੋਂ ਲੋੜਵੰਦ ਲੋਕ ਭੁੱਖ ਦੀ ਤ੍ਰਿਪਤੀ ਕਰਦੇ ਆ ਰਹੇ ਹਨ ।

## ਦੂਸਰਾ ਕੇਂਦਰ

ਸ੍ਰੀ ਜੀਵਨ ਨਗਰ ਨਾਮਧਾਰੀਆਂ ਦਾ ਦੂਸਰਾ ਕੇਂਦਰ ਹੈ । ਇਸ ਨੂੰ ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਬਟਵਾਰੇ ਤੋਂ ਕੁਝ ਚਿਰ ਪਹਿਲਾਂ ਆਬਾਦ ਕੀਤਾ ਸੀ । ਇਹ ਪਿੰਡ ਜ਼ਿਲਾ ਹਿਸਾਰ (ਹਰਿਆਣਾ) ਦੀ ਤਹਿਸੀਲ ਸਰਸਾ ਵਿਚ ਸਥਿੱਤ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗਰੀਬ-ਕਿਸਾਨ ਨਾਮਧਾਰੀਆਂ ਦੀ ਮਦਦ ਵਾਸਤੇ ਇਹ ਇਲਾਕਾ ਉਚੇਚੀ ਦਿਲਚਸਪੀ ਲੈਕੇ ਵਸਾਇਆ । ਸ੍ਰੀ ਜੀਵਨ ਨਗਰ ਦੇ ਆਲੇ ਦੁਆਲੇ ਚੌਦਾਂ ਪੰਦਰਾਂ ਪਿੰਡ ਨਾਮਧਾਰੀਆਂ ਦੇ ਹਨ । ਜੀਵਨ ਨਗਰ ਨਾਮਧਾਰੀ ਪੰਥ ਦੀ ਮਹਾਨ ਉਦਾਰ ਆਤਮਾ, ਜੀਵ ਮਾਤਰ ਨਾਲ ਸਨੇਹ ਕਰਨ ਵਾਲੇ ਮਾਤਾ ਸ੍ਰੀ ਜੀਵਣ ਕੌਰ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ) ਜੀ ਦੇ ਨਾਮ ਤੇ ਵਸਾਇਆ ਗਿਆ ਹੈ ।

ਇਥੇ ਵੀ ਗੁਰੂ ਕਾ ਲੰਗਰ ਚੌਵੀ ਘੰਟੇ ਖੁਲ੍ਹਾ ਰਹਿੰਦਾ ਹੈ ।

ਇਥੋਂ ਦੀ ਗਊਸ਼ਾਲਾ ਦੀਆਂ ਗਊਆਂ ਨੇ ਤੇ ਮੱਝਾਂ ਨੇ ਦੁਧ ਦੇ ਉਤਪਾਦਨ ਵਿਚ ਦੇਸ਼ ਭਰ ਦੇ ਰਿਕਾਰਡ ਤੋੜੇ ਹਨ । ਪੰਜਾਹ ਸਾਲ ਪਹਿਲਾਂ ਤੋਂ ਸ਼ੁਰੂ ਹੋਏ ਨਾਮਧਾਰੀਆਂ ਦੇ ਸਪਤਾਹਕ ਅਖਬਾਰ 'ਸਤਿਜੁਗ' ਦਾ ਪ੍ਰਕਾਸ਼ਨ ਅਜ ਕਲ ਏਥੋਂ ਹੀ ਹੁੰਦਾ ਹੈ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਹਨਾਂ ਦੇ ਛੋਟੇ ਭਰਾਤਾ ਸ੍ਰੀ ਮਹਾਰਾਜ ਬੀਰ ਸਿੰਘ ਜੀ ਅਤੇ ਸਾਰਾ ਗੁਰੂ-ਪਰਵਾਰ ਇਥੇ ਨਿਵਾਸ ਕਰਦਾ ਹੈ । ਕਿਸੇ ਜ਼ਮਾਨੇ ਵਿਚ ਇਹ ਬੰਜਰ ਅਤੇ ਬੇ ਆਬਾਦ ਇਲਾਕਾ ਅਜ ਦੇਸ਼ ਦਾ ਸਭ ਤੋਂ ਜ਼ਿਆਦਾ ਉਪਜਾਊ ਬਣ ਗਿਆ ਹੈ ।

## ਨਾਮਧਾਰੀਆਂ ਦੇ ਮੇਲੇ

ਉਂਝ ਤਾਂ ਜਿਥੇ ਵੀ ਸਤਿਗੁਰੂ ਜੀ ਮਹਾਰਾਜ ਦਰਸ਼ਨ ਦੇ ਰਹੇ ਹੋਣ ਉਥੇ ਹੀ ਨਾਮਧਾਰੀਆਂ ਦਾ ਮੇਲਾ ਹੁੰਦਾ ਹੈ । ਉਥੇ ਭਜਨ ਬਾਣੀ ਅਤੇ ਕੀਰਤਨ ਦਾ ਪਰਵਾਹ



Sri Satguru Jagjit Singh Ji Elibrary NamdhariElibrary@gmail.com

ਚਲਦਾ ਰਹਿੰਦਾ ਹੈ ਅਤੇ ਸੰਗਤਾਂ ਦਰਸ਼ਨਾਂ ਨੂੰ ਹੁਮ ਹੁਮਾ ਕੇ ਪੁਜਦੀਆਂ ਹਨ, ਪਰੰਤੂ ਨਾਮਧਾਰੀਆਂ ਦੇ ਕੁਝ ਸਾਲਾਨਾ ਮੇਲੇ ਵੀ ਹੁੰਦੇ ਹਨ। ਇਨ੍ਹਾਂ ਵਿਚੋਂ ਸਾਲ ਵਿਚ ਦੋ ਵਡੇ ਮੇਲੇ ਹੁੰਦੇ ਹਨ। ਇਕ ਤਾਂ ਭਾਦਰੋਂ (ਅਗਸਤ-ਸਤੰਬਰ ਦੇ) ਮਹੀਨੇ ਸ੍ਰੀ ਭੈਣੀ ਸਾਹਿਬ ਵਿਚ (ਜਾਂ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ੍ਰੀ ਜੀਵਨ ਨਗਰ ਵਿਚ) ਅਤੇ ਦੂਸਰਾ ਹੋਲਾ ਮਹੱਲਾ ਜੋ ਹਰ ਸਾਲ ਸੰਗਤਾਂ ਦੀ ਅਰਜ਼ ਤੇ ਵੱਖ ਵੱਖ ਥਾਵਾਂ ਤੇ ਹੁੰਦਾ ਹੈ। ਇਨ੍ਹਾਂ ਮੇਲਿਆਂ ਤੇ ਨਾਮਧਾਰੀ ਸੰਗਤਾਂ ਅਤੇ ਹੋਰ ਦਰਸ਼ਨ ਅਭਿਲਾਸ਼ੀ ਹੁਮ ਹੁਮਾ ਕੇ ਹਜ਼ਾਰਾਂ ਲਖਾਂ ਦੀ ਗਿਣਤੀ ਵਿਚ ਪੁਜਦੇ ਹਨ। ਤਿੰਨ ਚਾਰ ਦਿਨ ਨਿਰੰਤਰ ਕਥਾ ਕੀਰਤਨ, ਭਜਨ ਬੰਦਗੀ ਦਾ ਪਰਵਾਹ ਚਲਦਾ ਹੈ, ਵਿਦਵਾਨਾਂ ਦੇ ਭਾਸ਼ਣ ਹੁੰਦੇ ਹਨ। ਨਾਮਧਾਰੀ ਪੰਥ ਦੇ ਵਿਚਾਰ ਯੋਗ ਮਸਲਿਆਂ ਤੇ ਵਿਚਾਰਾਂ ਹੁੰਦੀਆਂ ਹਨ, ਦੇਸ਼ ਅਤੇ ਕੌਮ ਵਿਆਪੀ ਸਮੱਸਿਆਵਾਂ ਤੇ ਵਿਚਾਰ ਵਟਾਂਦਰੇ ਹੁੰਦੇ ਹਨ ਅਤੇ ਅਗੋਂ ਲਈ ਪਰੋਗਰਾਮ ਉਲੀਕੇ ਜਾਂਦੇ ਹਨ। ਨਾਮਧਾਰੀ ਪੰਥ ਦਾ ਪਰਚਾਰ ਹੁੰਦਾ ਹੈ।

ਇਨ੍ਹਾਂ ਮੇਲਿਆਂ ਵਿਚ ਅਨੇਕਾਂ ਹੀ ਨਵੇਂ ਸਜਣ ਨਾਮਧਾਰੀ ਪੰਥ ਵਿਚ ਪ੍ਰਵੇਸ਼ ਕਰਦੇ ਹਨ। ਭਜਨ ਪੁਛਦੇ ਅਤੇ ਮਾਸ ਸ਼ਰਾਬ ਦਾ ਤਿਆਗ ਕਰਦੇ ਹਨ। ਇਨ੍ਹਾਂ ਮੇਲਿਆਂ ਤੇ ਨਾਮਧਾਰੀਆਂ ਦੇ ਬਹੁਤ ਹੀ ਘੱਟ ਖਰਚੇ ਵਾਲੇ ਅਤੇ ਅਤਿ ਸਾਦੇ ਵਿਆਹ ਭਾਰੀ ਗਿਣਤੀ ਵਿਚ ਇਕੱਠੇ ਤੇ ਇਕੋ ਸਮੇਂ ਹੀ ਕੀਤੇ ਜਾਂਦੇ ਹਨ।

ਇਨ੍ਹਾਂ ਦੋ ਵੱਡੇ ਮੇਲਿਆਂ ਤੋਂ ਇਲਾਵਾ 15 ਸਤੰਬਰ ਨੂੰ ਸ੍ਰੀ ਅੰਮ੍ਰਿਤਸਰ ਤੇ 17-18 ਜਨਵਰੀ ਨੂੰ ਮਲੇਰ ਕੋਟਲੇ ਵਿਖੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਕੀਤੇ ਜਾਂਦੇ ਹਨ।

ਦਿਵਾਲੀ ਵਿਸਾਖੀ ਨੂੰ ਸ੍ਰੀ ਅੰਮ੍ਰਿਤਸਰ ਅਤੇ ਮਾਘੀ ਨੂੰ ਮੁਕਤਸਰ ਵਿਖੇ ਨਾਮਧਾਰੀਆਂ ਦੇ ਮੇਲੇ ਹੁੰਦੇ ਹਨ ਜਿਥੇ ਸਤਿਗੁਰੂ ਜੀ ਤੇ ਪਧਾਰਦੇ ਹਨ।

## ਨਾਮਧਾਰੀ ਅਸੂਲ

ਨਾਮਧਾਰੀ ਇਕ ਅਕਾਲ ਪੁਰਖ ਨੂੰ ਮੰਨਦੇ ਹਨ ਅਤੇ ਉਸ ਦੇ ਨਾਮ ਦਾ ਜਾਪ ਕਰਦੇ ਹਨ।

ਅਕਾਲ ਪੁਰਖ ਦਾ ਨਾਮ ਆਪਣੇ ਸਤਿਗੁਰੂ ਜੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਜਾਂ ਉਹਨਾਂ ਦੇ ਹੁਕਮ ਅਨੁਸਾਰ ਕਿਸੇ ਹੋਰ ਮਹਾਤਮਾਂ, ਮਹਾਂ ਪੁਰਸ਼ ਦੁਆਰਾ ਇਹ



Sri Satguru Jagjit Singh Ji Elibrary NamdhariElibrary@gmail.com

ਨਾਮ ਜਾ ਭਜਨ ਕੰਨ ਵਿਚ ਦਸਿਆ ਜਾਂਦਾ ਹੈ। ਅਤੇ ਇਸ ਨੂੰ ਗੁਪਤ ਜਪਣ ਦੀ ਆਗਿਆ ਹੈ। ਇਹ ਵੀ ਆਗਿਆ ਹੈ ਕਿ ਘਟੋ ਘਟ ਇਕ ਘੰਟਾ ਰੋਜ਼ਾਨਾ ਨਾਮ ਦਾ ਜਾਪ ਜ਼ਰੂਰ ਕੀਤਾ ਜਾਵੇ। ਨਾਮਧਾਰੀ ਸਿੱਖ-ਸਤਿਗੁਰੂਆਂ ਦੇ ਦ੍ਰਿੜ੍ਹਾਏ ਚਾਰ ਅਖਰੇ ਭਜਨ ਤੋਂ ਕੋਈ ਵਖਰਾ ਭਜਨ ਨਹੀਂ ਕਰਦੇ।

ਨਾਮਧਾਰੀ ਦੇਹਧਾਰੀ ਗੁਰੂ ਦੀ ਹੋਂਦ ਦੇ ਮੁਦੱਈ ਹਨ। ਪਰਮਾਰਥ ਦੀ ਪ੍ਰਾਪਤੀ ਵਾਸਤੇ ਸਤਿਗੁਰੂ ਦੀ ਸ਼ਰਨ ਵਿਚ ਜਾਣਾ ਜ਼ਰੂਰੀ ਸਮਝਦੇ ਹਨ। ਸਤਿਗੁਰੂ ਜੀ ਨਾਮਧਾਰੀਆਂ ਦੇ ਜੀਵਨ ਦੇ ਹਰ ਪੱਖ ਵਿੱਚ ਅਤੇ ਹਰ ਮੋੜ ਤੇ ਅਗਵਾਈ ਕਰਦੇ ਹਨ।

ਨਾਮਧਾਰੀ ਆਦਿ ਸ੍ਰੀ ਗਰੰਥ ਸਾਹਿਬ ਅਤੇ ਦਸਮ ਸ੍ਰੀ ਗਰੰਥ ਸਾਹਿਬ ਨੂੰ ਆਪਣੇ ਧਾਰਮਕ ਅਤੇ ਪਰਮਾਣਿਕ ਗਰੰਥ ਮੰਨਦੇ ਹਨ। ਇਹਨਾਂ ਦੇ ਪਾਠ ਵਡੀ ਗਿਣਤੀ ਵਿਚ ਕੀਤੇ ਜਾਂਦੇ ਹਨ। ਪਾਠੀ ਸਿੰਘਾਂ ਵਾਸਤੇ ਪਾਠ ਕਰਨ ਸਮੇਂ ਸੁਚ ਸੋਧ ਦੀ ਮਰਿਆਦਾ ਧਾਰਨ ਕਰਨੀ ਜ਼ਰੂਰੀ ਹੈ। ਆਦਿ ਗਰੰਥ ਸਾਹਿਬ ਜੀ ਦੀ ਬਾਣੀ ਅਤੇ ਆਪਣੇ ਸਤਿਗੁਰੂਆਂ ਦੇ ਆਸ਼ੇ ਅਨੁਸਾਰ ਨਾਮਧਾਰੀ ਮਾਸ, ਮਛਲੀ, ਅੰਡੇ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੇ ਸਖਤ ਖਿਲਾਫ਼ ਹਨ ਅਤੇ ਇਨ੍ਹਾਂ ਦੇ ਵਿਰੁਧ ਪਰਚਾਰ ਕਰਦੇ ਹਨ। ਨਾਮਧਾਰੀ ਹੁਣ ਵੀ ਸਨਾਤਨ ਰੀਤੀ ਅਨੁਸਾਰ ਹਵਨ-ਯੱਗ ਕਰਦੇ ਤੇ ਕਰਾਉਂਦੇ ਹਨ। ਇਸ ਸਮੇਂ ਗੁਰਬਾਣੀ ਦਾ ਪਾਠ ਹੁੰਦਾ ਹੈ।

## ਨਾਮਧਾਰੀ ਰਹਿਣ-ਸਹਿਣ

ਨਾਮਧਾਰੀਆਂ ਦੀ ਮਰਿਆਦਾ ਹੈ ਕਿ ਤੜਕੇ ਅੰਮ੍ਰਿਤ ਵੇਲੇ ਉਠਿਆ ਜਾਵੇ। ਜੰਗਲ ਜਾਣ ਉਪਰੰਤ ਦਾਤਨ ਆਦਿ ਕਰਕੇ, ਸਣੇ ਕੇਸੀ ਇਸ਼ਨਾਨ ਕੀਤਾ ਜਾਵੇ। ਕੇਸਾਂ ਵਿਚ ਪਾਣੀ ਪਾਉਣ ਤੋਂ ਬਗੈਰ ਇਸ਼ਨਾਨ ਨਹੀਂ ਗਿਣਿਆ ਜਾਂਦਾ। ਇਸ਼ਨਾਨ ਪਿਛੋਂ ਪ੍ਰਭੂ ਸਿਮਰਨ ਅਤੇ ਗੁਰਬਾਣੀ ਦਾ ਪਾਠ ਕੀਤਾ ਜਾਵੇ। ਉਪਰੰਤ ਆਪਣਾ ਨਿਜੀ ਵਿਹਾਰ ਕੀਤਾ ਜਾਵੇ। ਸ਼ਾਮ ਨੂੰ ਰਹਿਰਾਸ ਅਤੇ ਰਾਤ ਸੌਣ ਲਗਿਆਂ ਕੀਰ-ਤਨ ਸੋਹਲੇ ਦਾ ਪਾਠ ਕਰਨ ਤੋਂ ਪਹਿਲਾਂ ਹੱਥ ਪੈਰ ਅਤੇ ਮੂੰਹ ਜ਼ਰੂਰ ਧੋ ਲੈਣਾ ਚਾਹੀਦਾ ਹੈ।



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀਆਂ ਵਿਚੋਂ ਉਹ ਸੱਜਣ ਜੇਹੜੇ ਕਰੜੀ ਮਰਿਆਦਾ ਦੇ ਧਾਰਨੀ ਹਨ ਉਹਨਾਂ ਨੂੰ 'ਸੋਧੀ' ਕਿਹਾ ਜਾਂਦਾ ਹੈ। ਸੋਧੀ ਨਲਕੇ ਦਾ ਪਾਣੀ ਨਹੀਂ ਪੀਂਦੇ, ਖੂਹ ਜਾਂ ਕੁਦਰਤੀ ਝਰਨਿਆਂ-ਦਰਿਆਵਾਂ ਆਦਿ ਦਾ ਪਾਣੀ ਵਰਤਦੇ ਹਨ। ਜੰਗਲ (ਪਖਾਨੇ) ਜਾਣ ਪਿਛੋਂ ਜ਼ਰੂਰ ਨਹਾਉਂਦੇ ਹਨ ਅਤੇ ਬਹੁਤ ਹੀ ਕਰੜਾ ਅਤੇ ਸਬਰ ਸ਼ੁਕਰ ਵਾਲਾ ਜੀਵਣ ਬਿਤਾਉਂਦੇ ਹਨ। ਸਤਿਗੁਰੂ ਜੀ ਆਪ ਉਪਰੋਕਤ ਸਾਰੇ ਨਿਯਮਾਂ ਦਾ ਨੇਮ ਨਾਲ ਪਾਲਣ ਕਰਦੇ ਹਨ ਅਤੇ ਨਾਮਧਾਰੀਆਂ ਵਿਚ ਇਹ ਨੇਮ ਪ੍ਰਚਲਤ ਰਖਣ ਲਈ ਆਗ੍ਰਹਿ ਕਰਦੇ ਹਨ।

ਨਾਮਧਾਰੀ ਵਹਿਮਾਂ ਭਰਮਾਂ, ਧਾਗੇ ਤਵੀਤਾਂ, ਮੜ੍ਹੀਆਂ ਕਬਰਾਂ ਦੀ ਪੂਜਾ ਤੇ ਵਿਸ਼ਵਾਸ ਨਹੀਂ ਕਰ ਦੇ ਅਤੇ ਭੂਤਾਂ ਪਰੇਤਾਂ ਦੀਆਂ ਮੰਨਤਾਂ ਨਹੀਂ ਮੰਨਦੇ।

## ਬੁਨਿਆਦੀ ਵੇਰਵਾ

ਨਾਮਧਾਰੀ ਅਤੇ ਦੂਸਰੇ ਸਿਖਾਂ ਵਿਚ ਵਿਚਾਰਧਾਰਾ ਵਲੋਂ ਮੁਢਲਾ ਤੇ ਬੁਨਿ-ਆਦੀ ਵੇਰਵਾ ਇਹ ਹੈ ਕਿ ਸਿਖਾਂ ਦਾ ਇਕ ਭਾਰੂ ਭਾਗ ਸ੍ਰੀ ਗ੍ਰੰਥ ਸਾਹਿਬ ਨੂੰ ਸਿਖਾਂ ਦੇ ਵਰਤਮਾਨ ਗੁਰੂ ਦੇ ਤੌਰ ਤੇ ਮੰਨਦਾ ਹੈ, ਜਦੋਂ ਕਿ ਨਾਮਧਾਰੀ ਗੁਰਬਾਣੀ ਨੂੰ ਸਰਵੋਪਰ ਤਾਂ ਮੰਨਦੇ ਹਨ ਪਰ ਗੁਰੂ ਦੇਹਧਾਰੀ ਨੂੰ ਮੰਨਦੇ ਹਨ। ਇਸ ਵਿਚ ਦਰਜ ਗੁਰੂ-ਪਦ ਬਾਰੇ ਜਿੰਨੇ ਵੀ ਮਹਾਂਵਾਕ ਹਨ ਉਸ ਦੇ ਅਨੁਸਾਰ ਹੀ ਨਾਮਧਾਰੀ ਦੇਹ ਧਾਰੀ ਗੁਰੂ ਦੀ ਹੋਂਦ ਨੂੰ ਜ਼ਰੂਰੀ ਮੰਨਦੇ ਹੋਏ ਅਜ ਤਕ ਦੇਹਧਾਰੀ ਗੁਰੂਆਂ ਦੀ ਸ਼ਰਨ ਪ੍ਰਾਪਤ ਕਰ ਰਹੇ ਹਨ।

## ਜੁਗ ਜੁਗ ਪੀਹੜੀ

ਨਾਮਧਾਰੀ ਗੁਰੂ-ਸਿਖ ਪਰੰਪਰਾ ਨੂੰ ਮਨੁਖੀ ਸਭਿਅਤਾ ਦੇ ਉਦੇ ਤੋਂ ਹੀ ਮੰਨਦੇ ਹਨ ਪਰ ਉਹਨਾਂ ਦੀ ਹੁਣ ਦੀ ਰਹੁ ਰੀਤ (ਗੁਰੂਬਾਣੀ ਵਿਚ ਦਰਜ ਤਰੀਕੇ ਅਨੁਸਾਰ) ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਅਰੰਭ ਹੁੰਦੀ ਹੈ। ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਦਸਵੇਂ ਸਤਿਗੁਰੂ ਮੰਨਕੇ ਉਹਨਾਂ ਪਿਛੋਂ ਸਤਿਗੁਰੂ ਬਾਲਕ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਾਨਕ-ਨਿਰੰਕਾਰੀ ਜੋਤ ਨੂੰ ਜਗਾਈ ਰੱਖਣ ਦੇ ਅਧਿਕਾਰੀ ਮੰਨਦੇ ਹਨ।



Sri Satguru Jagjit Singh Ji Elibrary NamdhariElibrary@gmail.com

## ਜੋੜਨ ਵਾਲੀ ਕੜੀ

ਸੰਨ 1708 ਨੂੰ ਨਦੇੜ ਦੱਖਣ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਲੋਕਿਕ ਕੌਤਕ ਕੀਤਾ ਅਤੇ ਅਲੋਪ ਹੋ ਗਏ। ਮੁਗਲ ਸਾਮਰਾਜ ਦੀ ਕੁਟਿਲ ਨੀਤੀ ਨੂੰ ਭਾਂਪ ਕੇ ਆਪ ਨੇ ਐਸਾ ਸਾਂਗ ਰਚਿਆ ਕਿ ਬਹੁਤ ਸਾਰੇ ਸਿਖਾਂ ਨੂੰ ਭੁਲੇਖਾ ਪੈ ਗਿਆ ਕਿ ਆਪ ਜੋਤੀ ਜੋਤ ਸਮਾ ਗਏ ਹਨ। ਪੁਰਾਣੇ ਸਿਖ ਇਤਿਹਾਸਕਾਰਾਂ ਲਿਖਿਆ ਹੈ ਕਿ ਆਪ ਨੇ ਚਿਖਾ ਤਿਆਰ ਕਰਵਾਕੇ ਉਸਦੇ ਚਾਰੇ ਪਾਸੇ ਕਨਾਤ ਤਣਵਾ ਦਿਤੀ, ਫਤਹਿ ਬੁਲਾਈ ਅਤੇ ਚਿਖਾ ਨੂੰ ਅੱਗ ਲਾ ਕੇ ਆਪ ਘੋੜੇ ਤੇ ਸਵਾਰੀ ਕਰਕੇ ਉਥੋਂ ਅਲੋਪ ਹੋ ਗਏ। ਰਸਤੇ ਵਿਚ ਇਕ ਸਾਧੂ ਨੂੰ ਮਿਲੇ। ਸਤਾਰੇ ਦੇ ਕਿਲੇ ਵਿਚੋਂ ਰੁਸ-ਤਮ ਰਾਇ ਅਤੇ ਬਾਲਾ ਰਾਇ ਨੂੰ ਆਜ਼ਾਦ ਕਰਵਾਇਆ! ਫਿਰ ਪੰਜਾਬ ਆ ਗਏ ਅਤੇ ਸਿਖਾਂ ਦੀ ਗੁਪਤ ਰੂਪ ਵਿਚ ਮਦਦ ਕਰਦੇ ਰਹੇ। (ਪ੍ਰਸਿਧ ਸਿਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਇਸ ਦੀ ਪੁਸ਼ਟੀ ਕਰਦੇ ਹਨ।)

ਆਪ ਨੇ ਸੰਮਤ 1869 ਵਿਚ ਗੁਰੂ ਬਾਲਕ ਸਿੰਘ ਜੀ ਨੂੰ ਗੁਰਗਦੀ ਅਰ-ਪਣ ਕੀਤੀ ਅਤੇ ਫਿਰ ਇਹ ਬਚਨ ਕੀਤਾ ਕਿ 'ਮੈਂ ਰਾਮ ਸਿੰਘ ਦੇ ਨਾਮ ਨਾਲ ਮੁੜ ਅਵਤਾਰ ਧਾਰਾਂਗਾ' ਪਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਨੂੰ ਇਸ ਪ੍ਰਕਾਰ ਬਿਆਨ ਕਰਦੇ ਹਨ :

"ਬਾਲਕ ਮ੍ਰਿਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਯਦਿ ਨਰ ਨਾਰੀ ਲੇ ਅਪਾਰੀ ਭਵ ਤੇਂ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਇਓ,
ਨਾਮ ਦੇ ਉਧਾਰ ਕਰ ਜੀਵਨ ਬਾ ਤ੍ਰੈ ਖਰੇ।
ਐਪੇ ਗੁਰ ਦਸਮ ਦਰਸ ਦੈ ਜੁ ਕਹਿਉ ਤਾਹਿ
ਮੇਰੇ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ।
ਯਾਹਿ ਹੇਤ ਤਾਂਹਿ ਔਰ ਕਾਹਿ ਮਹਿ ਨਾਂਹਿ,
ਨਿਜ ਸਕਤਿ ਰਖਾਈ ਗੁਰੂ ਵਾਕ ਇਵ ਥੇ ਕਰੇ।"

ਨਾਭੇ ਵਿਚ ਬਾਬਾ ਅਜਾਪਾਲ ਸਿੰਘ ਦੇ ਨਾਮ ਤੇ ਗੁਰੂ ਜੀ ਵਿਚਰਦੇ ਰਹੇ ਜਿਥੇ ਉਹ ਸੰਮਤ 1869 ਜੇਠ ਸੁਦੀ ਪੰਜ ਨੂੰ ਜੋਤੀ ਜੋਤ ਸਮਾ ਗਏ।



Sri Satguru Jagjit Singh Ji Elibrary NamdhariElibrary@gmail.com

# ਗੁਰੂ ਬਾਲਕ ਸਿੰਘ

ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਫਗਣ ਸੁਦੀ 15 ਪੂਰਨਮਾਸ਼ੀ ਵਾਲੇ ਦਿਨ ਸੰਮਤ 1841 ਨੂੰ ਪਛਮੀ ਪੰਜਾਬ (ਹਾਲ ਪਾਕਿਸਤਾਨ) ਦੇ ਜ਼ਿਲਾ ਅਟਕ (ਪੋਠੋਹਾਰ) ਦੇ ਪਿੰਡ ਸਰਵਾਲੇ ਵਿਚ ਹੋਇਆ । ਆਪ ਦੇ ਪਿਤਾ ਬਾਬਾ ਦਿਆਲ ਸਿੰਘ ਜੀ ਜ਼ਾਤ ਦੇ ਅਰੋੜਾ ਸਨ ਅਤੇ ਮਾਤਾ ਜੀ ਦਾ ਨਾਮ ਭਾਗਭਰੀ ਸੀ । ਬਚਪਨ ਵਿਚ ਹੀ ਆਪ ਪ੍ਰਭੂ ਲਗਣ ਵਾਲੇ ਵਿਅਕਤੀ ਸਨ । ਅੱਗੇ ਚਲਕੇ ਆਪ ਨੇ ਹਜ਼ਰੋਂ ਨਾਮੀ ਨਗਰ ਨੂੰ ਆਪਣਾ ਨਿਵਾਸ ਬਣਾ ਲਿਆ ।

ਆਪ ਚਵੀ ਘੰਟੇ ਭਜਨ ਬੰਦਗੀ ਕਰਦੇ ਰਹਿੰਦੇ । ਇਸ ਤਰ੍ਹਾਂ ਆਪ ਦੀ ਪ੍ਰਸਿਧੀ ਬਹੁਤ ਫੈਲ ਗਈ । ਕਥਾ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਰਿਹਾ । ਦੂਰ ਦੂਰ ਇਲਾਕਿਆਂ ਤੋਂ ਲੋਕ ਆ ਕੇ ਆਪ ਜੀ ਦੀ ਕਥਾ ਸਰਵਣ ਕਰਦੇ ਅਤੇ ਗੁਰਮੰਤਰ ਦੀ ਦਾਤ ਪ੍ਰਾਪਤ ਕਰਦੇ ।

ਸੰਨ 1841 ਈ. ਨੂੰ ਗੁਰੂ ਰਾਮ ਸਿੰਘ ਜੀ ਜਦੋਂ ਸਰਕਾਰੀ ਫੌਜਾਂ ਵਿਚ ਹਜ਼ਰੋਂ ਆਏ ਤਾਂ ਉਹ ਵੀ ਆਪ ਦੇ ਸਿੱਖ ਬਣ ਗਏ । ਜਦੋਂ ਗੁਰੂ ਰਾਮ ਸਿੰਘ ਜੀ ਤੀਸਰੀ ਵਾਰ ਦਰਸ਼ਨਾਂ ਲਈ ਆਏ ਤਾਂ ਆਪ ਨੇ ਗੁਰਤਾ ਉਹਨਾਂ ਨੂੰ ਅਰਪਣ ਕਰ ਦਿਤੀ ।



Sri Satguru Jagjit Singh Ji Elibrary NamdhariElibrary@gmail.com

# ਗੁਰੂ ਰਾਮ ਸਿੰਘ



ਜੱਸਾ ਸਿੰਘ ਤਰਖਾਣ ਘਰ, ਆਈ ਬਸੰਤ ਖਿੜੀ ਫੁਲਵਾੜੀ
ਰਾਮ ਸਿੰਘ ਗੁਰੂ ਪ੍ਰਗਟਿਆ, ਗੁਰੂ ਨਾਨਕ ਦੀ ਜੋਤ ਪਿਆਰੀ
ਸਿਫਤ ਹੋਈ ਸਭ ਜਗਤ ਤੇ, ਚੰਨਣ ਰੁਖ ਜਿਉਂ ਮਹਿਕ ਖਿਲਾਰੀ
ਠੱਗਾਂ ਚੋਰਾਂ ਨੂੰ ਸਾਧ ਕੇ, ਵਿਗੜੀ ਸਿਖੀ ਫੇਰ ਸਵਾਰੀ
ਦੇ ਧਰਵਾਸ ਨਿਮਾਣਿਆਂ, ਹੈ ਹੈ ਕਰਦੀ ਜੰਤ ਉਧਾਰੀ
ਰਾਮ ਨਾਮ ਲਾ ਮੇਂਘਲਾ, ਸੜੀ ਵਿਕਾਰੀਂ ਦੁਨੀਆਂ ਠਾਰੀ
ਸੂਰਜ ਚੜ੍ਹਿਆ ਸੱਚ ਦਾ, ਝੂਠ-ਪਖੰਡ ਮਿਟੀ ਅੰਧਿਆਰੀ
ਕਲਿਜੁਗ ਦਾ ਰਥ ਠੱਲਦਿਆਂ, ਸਤਿਜੁਗ ਦੀ ਆਂਦੀ ਅਸਵਾਰੀ
ਭਵ ਸਾਗਰ ਡੁੱਬੀ ਜਨ ਤਾਰੀ ।

'ਕੂਕਾ' ਜੰਮੂ



Sri Satguru Jagjit Singh Ji Elibrary NamdhariElibrary@gmail.com

## ਜਨਮ ਤੇ ਜਵਾਨੀ

ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਸੰਨ 1816 ਈ: ਦੀ ਬਸੰਤ ਪੰਚਮੀ ਨੂੰ ਹੋਇਆ। ਪਿਤਾ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਮਾਤਾ ਸਦਾ ਕੌਰ ਜੀ ਸਨ। ਸੱਤ ਸਾਲ ਦੀ ਉਮਰ ਵਿਚ ਆਪ ਦੀ ਪੁਰਾਣੇ ਰਿਵਾਜ ਅਨੁਸਾਰ ਸ਼ਾਦੀ ਹੋ ਗਈ।

ਜਦ ਜਵਾਨੀ ਚੜ੍ਹੀ ਤਾਂ ਆਪ ਬਹੁਤ ਉਚੇ ਕੱਦ ਦੇ ਅਤੇ ਗੋਡਿਆਂ ਤਕ ਲੰਮੀਆਂ ਬਾਹਾਂ ਵਾਲੇ ਸੁਨੱਖੇ ਗਭਰੂ ਨਿਕਲੇ। ਚੜ੍ਹਦੀ ਜਵਾਨੀ ਵਿਚ ਹੀ ਆਪ ਸ਼ੇਰੇ ਪੰਜਾਬ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ। ਨੌਕਰੀ ਦਾ ਸਮਾਂ ਸੰਨ 1836 ਤੋਂ ਸੰਨ 1845 ਦਾ ਹੈ।

ਬਚਪਨ ਵਿਚ ਹੀ ਆਪ ਭਜਨ ਬੰਦਗੀ ਅਤੇ ਗੁਰਬਾਣੀ ਵਲ ਰੁਚੀ ਰਖਦੇ ਸਨ। ਗੁਰਮਖੀ ਅੱਖਰਾਂ ਦੀ ਪੜ੍ਹਾਈ ਵੀ ਆਪ ਜੀ ਦੀ ਮਾਤਾ ਜੀ ਨੇ ਕਰਵਾਈ। ਫੌਜੀ ਨੌਕਰੀ ਸਮੇਂ ਵੀ ਆਪ ਦੇ ਭਗਤੀ ਭਾਵ ਵਾਲੇ ਜੀਵਨ ਨੇ ਸਾਥੀਆਂ ਤੇ ਅਸਰ ਪਾਇਆ ਅਤੇ ਅਜੇਹੇ ਫੌਜੀਆਂ ਦਾ ਇਕ ਚੰਗਾ ਜੁੱਟ ਬਣ ਗਿਆ। ਇਸ ਵਕਤ ਦੇ ਸਾਥੀਆਂ ਵਿਚੋਂ ਹੀ ਬਹੁਤਿਆਂ ਨੇ ਅਖੀਰ ਤਕ ਗੁਰੂ ਰਾਮ ਸਿੰਘ ਜੀ ਦਾ ਸਾਥ ਦਿਤਾ।

ਆਪ ਜੀ ਗੁਰੂ ਬਾਲਕ ਸਿੰਘ ਜੀ ਦੇ ਸਰਵੋਤਮ ਸਿਖ ਸਨ। ਗੁਰੂ ਬਾਲਕ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਾਕਾਂ ਅਨੁਸਾਰ ਆਪ ਨੂੰ ਗੁਰਤਾ ਅਰਪਣ ਕਰ ਦਿਤੀ।

ਫੌਜ ਜੀਵਨ ਸਮੇਂ ਹੀ ਆਪ ਨੇ ਦੇਸ਼ ਦੀ ਨਿਘਰਦੀ ਜਾ ਰਹੀ ਸਥਿਤੀ ਨੂੰ ਚੰਗੀ ਤਰਾਂ ਘੋਖਿਆ ਅਤੇ ਵਿਚਾਰਿਆ। ਅੰਗ੍ਰੇਜ਼ਾਂ ਅਤੇ ਸਿਖਾਂ ਵਿਚ ਦੋ ਵਡੀਆਂ ਜੰਗਾਂ ਹੋਈਆਂ। ਅੰਗ੍ਰੇਜ਼ ਜਿੱਤ ਗਏ। ਸਿਖ, ਬਾਵਜੂਦ ਬਹੁਤ ਬਹਾਦਰੀ ਅਤੇ ਦਲੇਰੀ ਨਾਲ ਲੜਣ ਦੇ, ਹਾਰ ਗਏ।

## ਸਿੱਖੀ ਦੀ ਦਸ਼ਾ

ਸਿਖਾਂ ਦੀ ਹਾਰ ਦਾ ਸਭ ਤੋਂ ਵਡਾ ਕਾਰਨ ਸੀ ਉਹਨਾਂ ਵਿਚੋਂ ਸਿਖੀ ਚਰਿੱ-ਤਰ ਦਾ ਖਤਮ ਹੋ ਜਾਣਾ। ਸਿਖ ਐਸ਼ ਪ੍ਰਸਤੀ ਕਾਰਨ ਸਿਖੀ ਨੂੰ ਤਲਾਂਜਲੀ ਦੇ ਚੁਕੇ



Sri Satguru Jagjit Singh Ji Elibrary NamdhariElibrary@gmail.com

ਸਨ। ਸਿੱਖ-ਰਾਜ ਦੇ ਖਾਤਮੇ ਪਿਛੋਂ ਇਹ ਗਿਰਾਵਟ ਹੋਰ ਵੀ ਵਧ ਗਈ। ਦਾੜ੍ਹੀਆਂ ਕੇਸ ਕੱਟਣੇ, ਮਾਸ ਸ਼ਰਾਬ ਖਾਣਾ ਅਤੇ ਵੇਸਵਾਵਾਂ ਦੇ ਮੁਜਰੇ ਕਰਾਉਣੇ ਸਿਖਾਂ ਵਿਚ ਆਮ ਹੋ ਗਏ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਸਿਖੀ ਦੀ ਦਸ਼ਾ ਮਾਲਕ ਤੋਂ ਬਗੈਰ ਗਊ ਵਰਗੀ ਹੋ ਗਈ ਸੀ ਜੋ ਕਸਾਈਆਂ (ਸਿਖਾਂ) ਦੇ ਵੱਸ ਪਈ ਹੋਈ ਸੀ :

ਕਸਮੇਂ ਖਾ ਕੇਹੇ ਗੁਰ ਦਸਮੇਂ ਕੀ ਸਿਖੀ ਗਾਇ
ਹਾਇ ਬਿਨ ਖਸਮੇਂ ਕਸਾਬੀ ਪਰੀ ਬਸ ਮੇਂ।

ਗੁਰਬਾਣੀ ਦੀਆਂ ਬੀੜਾਂ ਨੂੰ ਅਲਮਾਰੀਆਂ ਅੰਦਰ ਪਿਆਂ ਪਿਆਂ ਸਿਊਂਕ ਲਗ ਰਹੀ ਸੀ। ਖੰਡੇ ਦੇ ਅੰਮ੍ਰਿਤ ਦੀ ਰੀਤ ਅਲੋਪ ਹੋ ਗਈ ਸੀ। ਸਿਖਾਂ ਦਾ ਅਮੀਰ ਤਬਕਾ ਰਾਜੇ ਮਹਾਰਾਜੇ ਜਾਗੀਰਦਾਰ ਗੁਰਦੁਆਰਿਆਂ ਦੇ ਮਹੰਤ ਤੇ ਗ੍ਰੰਥੀ ਪੂਰੀ ਤਰ੍ਹਾਂ ਅੰਗਰੇਜ਼ ਹਾਕਮਾਂ ਦੇ ਹੱਥ ਠੋਕੇ ਤੇ ਪਿੱਠੂ ਬਣ ਚੁਕੇ ਸਨ।

ਸਮਾਜੀ ਦਸ਼ਾ ਇਸ ਤੋਂ ਵੀ ਭੈੜੀ ਸੀ।

## ਮੁੜ ਉਸਾਰੀ

ਸਤਿਗੁਰੂ ਰਾਮ ਸਿੰਘ ਜੀ ਨੇ ਦੀਰਘ ਤਪੱਸਿਆ, ਸਿਮਰਨ, ਭਜਨ ਅਤੇ ਡੂੰਘੀ ਸੋਚ ਵਿਚਾਰ ਪਿਛੋਂ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਅਤੇ ਸਿਖੀ ਦੀ ਮੁੜ ਉਸਾਰੀ ਵਾਸਤੇ ਕਮਰ ਕੱਸੇ ਕਰ ਲਏ ਅਤੇ ਸੰਨ 1857 ਦੀ ਵਸਾਖੀ ਤੋਂ ਅਪਣਾ ਪਰੋਗਰਾਮ ਸ਼ੁਰੂ ਕਰ ਦਿਤਾ।

ਉਸ ਦਿਨ ਆਪ ਜੀ ਨੇ ਪੰਜ ਸਿਖਾਂ ਨੂੰ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਅਤੇ ਛਕਾ ਕੇ ਸਿੰਘ ਸਜਾਇਆ। ਸ੍ਰੀ ਦਸਮੇਸ਼ ਜੀ ਦੀ ਸਿਖੀ ਦੀ ਅਸਲ ਮਰਿ-ਆਦਾ ਸ੍ਰੀ ਹਜ਼ੂਰ ਸਾਹਿਬ ਤੋਂ ਮੰਗਵਾ ਕੇ ਚਾਲੂ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਨੇ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਰੀਤ ਤੋਰੀ। ਆਪ ਨੇ ਪਿੰਡ ਪਿੰਡ ਦੌਰਾ ਕਰਕੇ ਲਖਾਂ ਲੋਕਾਂ ਨੂੰ ਅੰਮ੍ਰਿਤ ਛਕਾਇਆ, ਗੁਰਬਾਣੀ ਦੇ ਪਾਠ ਦੀ ਪਰੇਰਨਾ ਕੀਤੀ ਅਤੇ ਸਿਖੀ ਜੀਵਨ ਵੱਲ ਲਾਇਆ। ਸਭ ਤੋਂ ਪਹਿਲਾਂ ਸਤਿਗੁਰਾਂ ਨੇ ਹੀ ਗ੍ਰੰਥ ਸਾਹਿਬ ਜੀ ਦੀ ਪਥਰ ਦੇ ਛਾਪੇ ਦੀ ਬੀੜ ਤਿਆਰ ਕਰਵਾਈ। ਆਪ ਦੇ ਪਰੋਗਰਾਮ ਸਦਕਾ ਸਿਖੀ ਦੇ ਮੁਰਦਾ ਜਿਸਮ ਵਿਚ ਨਵੀਂ ਜਾਨ ਆ ਗਈ। ਬੇ-ਸ਼ੱਕ ਇਸ ਤੋਂ ਗੁਰੂ ਜੀ ਨੂੰ ਵਡੇ ਵਡੇ ਗੁਰਦੁਆਰਿਆਂ ਅਤੇ ਤਖਤਾਂ ਦੇ ਮਹੰਤਾਂ ਦੀ ਕਰੋਪੀ ਦਾ ਨਿਸ਼ਾਨਾ ਬਣਨਾ ਪਿਆ।



Sri Satguru Jagjit Singh Ji Elibrary NamdhariElibrary@gmail.com

## ਅਨੰਦ ਮਰਿਆਦਾ

2 ਜੂਨ 1863 ਈ: ਨੂੰ ਖੋਟੇ ਪਿੰਡ ਜ਼ਿਲਾ ਫਿਰੋਜ਼ਪੁਰ ਵਿਚ ਅਨੰਦ ਕਾਰਜ ਦੀ ਰਸਮ ਤੋਰੀ। ਇਸ ਤੋਂ ਪਹਿਲਾਂ ਸਿਖ ਘਰਾਣਿਆਂ ਦੇ ਸਭ ਵਿਆਹ ਪੁਰਾਣੀ ਰੀਤੀ ਅਨੁਸਾਰ ਪੰਡਤ ਹੀ ਕਰਾਉਂਦੇ ਸਨ। ਆਪ ਨੇ ਉਸ ਦਿਨ ਤੋਂ ਸ੍ਰੀ ਗਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ ਹਵਨ ਦੁਆਲੇ ਬੇਦੀ ਹੇਠ ਫੇਰਿਆਂ ਨਾਲ, ਅਨੰਦ ਕਾਰਜ ਦੀ ਸਾਦਾ ਰੀਤ ਤੋਰੀ। ਇਸ ਰੀਤੀ ਦੇ ਫਲ ਸਰੂਪ ਆਪ ਨੂੰ ਸਰਕਾਰ ਵਲੋਂ ਨਜ਼ਰ ਬੰਦ ਕੀਤਾ ਗਿਆ ਅਤੇ ਮਹੀਨਾ ਭਰ ਲੁਧਿਆਣੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਰੋਜ਼ਾਨਾ ਪੇਸ਼ ਹੋਣਾ ਪਿਆ। ਸਾਰੇ ਨਾਮਧਾਰੀ ਪੰਥ ਉਪਰ ਨਿਗਾਹ ਰਖਣ ਵਾਸਤੇ ਬਰਤਾਨਵੀ ਸਰਕਾਰ ਵਲੋਂ ਹੁਕਮ ਜਾਰੀ ਹੋ ਗਏ।

ਸਤਿਗੁਰੂ ਜੀ ਨੇ ਸਮਾਜੀ ਜੀਵਨ ਵਿਚ ਇਨਕਲਾਬੀ ਸੁਧਾਰ ਕੀਤੇ। ਆਪ ਨੇ ਬੱਚੇ ਤੇ ਬੱਚੀਆਂ ਨੂੰ ਗੁਰਮਖੀ ਪੜ੍ਹਾਉਣ ਦੀ ਹਦਾਇਤ ਕੀਤੀ। ਬਾਲ ਵਿਆਹ ਕਰਨ ਦੀ ਮਨਾਹੀ ਕੀਤੀ ਅਤੇ ਵਿਧਵਾ ਵਿਆਹ ਦਾ ਪ੍ਰਚਾਰ ਕੀਤਾ। ਲੜਕੀਆਂ ਦੀ ਸ਼ਾਦੀ ਦੀ ਉਮਰ ਘਟੋ ਘੱਟ ਸੋਲਾਂ ਸਾਲ ਦੀ ਨੀਯਤ ਕੀਤੀ। ਇਸਤ੍ਰੀਆਂ ਨੂੰ ਘੁੰਡ ਕਢਣ ਦੀ ਮਨਾਹੀ ਕੀਤੀ। ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦੇ ਆਮ ਰਵਾਜ ਦੀ ਡਟ ਕੇ ਵਿਰੋਧਤਾ ਤੇ ਰੋਕ ਕੀਤੀ। ਕੁੜੀਆਂ ਦੇ ਪੈਸੇ ਲੈਕੇ ਸ਼ਾਦੀ ਕਰਨੀ ਜਾਂ ਲੜਕੇ ਲੜਕੀਆਂ ਦੇ ਵਟਾਂਦਰੇ ਦੇ ਸਾਕ ਕਰਨ ਦੀ ਮਨਾਹੀ ਕੀਤੀ। ਲੋਕਾਂ ਨੂੰ ਕਬਰਾਂ ਮੜ੍ਹੀਆਂ, ਭੂਤਾਂ ਪ੍ਰੇਤਾਂ ਅਤੇ ਪੀਰਾਂ ਦੀ ਪੂਜਾ ਵਲੋਂ ਹਟਾ ਕੇ ਅਕਾਲ ਪੁਰਖ ਦੇ ਸਿਮਰਨ ਵਲ ਪਰੇਰਿਆ।

## ਰਾਜਨੀਤਕ ਸਰਗਰਮੀਆਂ

ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਬਹੁਤ ਸਾਵਧਾਨੀ ਨਾਲ ਕੰਮ ਅਰੰਭਿਆ। ਆਪ ਨੇ ਜਥੇਬੰਦੀ ਨੂੰ ਚਲਾਉਣ ਵਾਸਤੇ ਬਾਈ ਉਚ ਅਧਿਕਾਰੀ ਨੀਅਤ ਕੀਤੇ ਜਿਨ੍ਹਾਂ ਨੂੰ 'ਸੂਬੇ' ਕਿਹਾ ਜਾਂਦਾ ਸੀ। ਇਨ੍ਹਾਂ ਪੰਜਾਬ ਅਤੇ ਉਸ ਤੋਂ ਬਾਹਰ ਅੰਗ੍ਰੇਜ਼ਾਂ ਵਿਰੁਧ ਲੋਕਾਂ ਨੂੰ ਜਥੇਬੰਦ ਕਰਨ ਦੇ ਜਤਨ ਕੀਤੇ। ਕਸ਼ਮੀਰ ਵਿਚ ਇਕ ਕੂਕਾ ਰਜਮੰਟ ਤਿਆਰ ਹੋ ਗਈ, ਨੇਪਾਲ ਦੇ ਰਾਜੇ ਨਾਲ ਮਿਤ੍ਰਤਾ ਦੇ ਸਬੰਧ ਕਾਇਮ ਕੀਤੇ ਗਏ। ਅਫਗਾਨਿਸਤਾਨ ਅਤੇ ਰੂਸ ਦੀਆਂ ਸਰਕਾਰਾਂ ਨਾਲ ਸੰਪਰਕ ਸਥਾਪਤ ਕਰ ਲਿਆ ਗਿਆ।



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਹਾਕਮਾਂ ਦੇ ਆਰਥਕ ਹਿਤਾਂ ਤੇ ਸੱਟ ਮਾਰਨ ਵਾਸਤੇ ਨਾ-ਮਿਲਵਰਤਣ ਸਿਵਲ ਨਾ-ਫੁਰਮਾਨੀ ਅਤੇ ਸੁਦੇਸੀ ਚੀਜ਼ਾਂ ਵਰਤਣ ਦਾ ਸਭ ਤੋਂ ਪਹਿਲਾਂ ਆਪ ਨੇ ਹੀ ਪਰਚਾਰ ਕੀਤਾ। ਅੰਗ੍ਰੇਜ਼ਾਂ ਨਾਲ ਇਥੋਂ ਤਕ ਨਾ-ਮਿਲਵਰਤਣ ਕੀਤੀ ਕਿ ਉਸ ਦੀ ਰੇਲ, ਨੌਕਰੀ, ਡਾਕਖਾਨੇ, ਸਕੂਲ ਅਤੇ ਕਚਿਹਰੀਆਂ ਤਕ ਦਾ ਬਾਈਕਾਟ ਕੀਤਾ। ਇਸ ਦੇ ਮੁਕਾਬਲੇ ਵਿਚ ਆਪਣਾ ਗੁਪਤ ਡਾਕ-ਸਿਸਟਮ ਜਾਰੀ ਕੀਤਾ। ਆਪਣੇ ਝਗੜੇ ਆਪਣੀਆਂ ਪੰਚਾਇਤਾਂ ਵਿਚ ਨਬੇੜਣ ਲਈ ਉਤਸਾਹ ਜ਼ਬੰਦ ਕੀਤਾ।

ਆਪ ਦੀਆਂ ਸਰਗਰਮੀਆਂ ਤੋਂ ਭੈ ਭੀਤ ਹੋ ਕੇ ਸਰਕਾਰ ਨੇ ਆਪ ਦੇ ਪਰ-ਚਾਰ ਉਤੇ ਅਨੇਕਾਂ ਵਾਰ ਪਾਬੰਦੀ ਲਾਈ ਪਰ ਆਪ ਦਾ ਪਰਚਾਰ ਬੰਦ ਨਾ ਹੋਇਆ, ਸਗੋਂ ਲੱਖਾਂ ਲੋਕ ਆਪ ਦੇ ਪੈਰੋਕਾਰ ਬਣ ਗਏ।

ਅੰਗਰੇਜ਼ ਨੇ ਪੰਜਾਬ ਤੇ ਅਧਿਕਾਰ ਜਮਾਕੇ ਥਾਂ ਥਾਂ ਤੇ ਬੁੱਚੜ ਖਾਣੇ ਖੋਲ੍ਹ ਦਿਤੇ। ਹਿੰਦੂ-ਮੁਸਲਮਾਨਾਂ ਵਿਚ ਕਲਹ ਜਗਾਣ ਲਈ ਉਸ ਨੇ ਗਊਆਂ ਨੂੰ ਕਤਲ ਕਰਣ ਦੀ ਵੀ ਸ਼ਹਿ ਦਿਤੀ। ਸਿਖ ਸ਼ੁਰੂ ਤੋਂ ਹੀ ਗਊ ਰਖਿਅਕ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗਊ ਹੱਤਿਆ ਦੀ ਬਹੁਤ ਕਰੜੀ ਸਜਾ ਸੀ। ਅੰਗਰੇਜ਼ਾਂ ਦੇ ਨਵੇਂ ਕਦਮ ਨਾਲ ਹਿੰਦੂ ਸਿਖਾਂ ਵਿਚ ਰੋਹ ਭੁਖ ਪਿਆ ਅਤੇ ਕਈ ਅੰਦੋਲਨ ਵੀ ਹੋਏ ਪਰ ਬਗੈਰ ਸਿੱਟੇ ਤੋਂ। ਅੰਦਰੋ ਅੰਦਰ ਸੁਲਘ ਰਹੇ ਗੁੱਸੇ ਕਾਰਨ ਕੁਝ ਜੁਸ਼ੀਲੇ ਨਾਮਧਾਰੀਆਂ ਨੇ ਅੰਮ੍ਰਿਤਸਰ ਵਿੱਚ ਬੁਚੜਾਂ ਨੂੰ ਕਤਲ ਕਰ ਦਿਤਾ। ਸਤਿਗੁਰੂ ਰਾਮ ਸਿੰਘ ਜੀ ਦੇ ਕਹਿਣ ਤੇ ਉਹ ਖੁਦ ਅਦਾ-ਲਤ ਵਿਚ ਪੇਸ਼ ਹੋਏ ਅਤੇ ਫਾਂਸੀਆਂ ਤੇ ਲਟਕ ਗਏ। ਇਸੇ ਪ੍ਰਕਾਰ ਰਾਇਕੋਟ ਅਤੇ ਹੋਰ ਥਾਈਂ ਵੀ ਸਿਖਾਂ ਨੇ ਬੁਚੜਾਂ ਨੂੰ ਮਾਰਿਆ ਅਤੇ ਫਲ ਸਰੂਪ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ।

ਹਾਲਾਤ ਛੇਤੀ ਕਰਵਟ ਲੈਂਦੇ ਗਏ ਅਤੇ ਇਸ ਭਖਦੀ ਚੰਗਿਆੜੀ ਕਾਰਨ 17-18 ਜਨਵਰੀ ਸੰਨ 1872 ਨੂੰ ਮਲੇਰ ਕੋਟਲੇ ਦੇ ਰੱਕੜ ਵਿਚ 66 ਨਾਮਧਾਰੀਆਂ ਨੂੰ ਬਿਨਾਂ ਮੁਕਦਮਾ ਚਲਾਏ, ਬਿਨਾਂ ਦੋਸ਼ ਸਾਬਤ ਕੀਤੇ ਤੋਪਾਂ ਨਾਲ ਉਡਾਇਆ ਗਿਆ। ਲੋਕਾਂ ਨੇ ਵੇਖਿਆ ਕਿ ਜਿਸ ਕਾਨੂੰਨ ਅਤੇ ਅਦਾਲਤ ਦੀ ਅੰਗਰੇਜ਼ ਬੜੀ ਦੁਹਾਈ ਪਿਟਦਾ ਸੀ, ਨਾਮਧਾਰੀਆਂ ਦੇ ਕਤਲ ਵਾਸਤੇ ਉਸਨੇ ਆਪਣੇ ਬਣਾਏ ਜ਼ਾਬਤੇ ਦੀ ਵੀ ਮਿੱਟੀ ਪਲੀਤ ਕਰ ਦਿਤੀ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੂੰ ਬਗੈਰ ਮੁਕਦਮਾ ਚਲਾਇਆਂ ਜਲਾਵਤਨ ਕੀਤਾ ਗਿਆ ਅਤੇ ਆਪ ਨੂੰ ਬਰਮਾ ਭੇਜ ਦਿਤਾ ਗਿਆ : ਆਪ ਦੇ ਮੁਖੀ ਸੂਬਿਆਂ ਅਤੇ ਜਥੇਦਾਰਾਂ ਨੂੰ ਵੀ ਅਦਨ, ਮੋਲਮੀਨ, ਅਸੀਰਗੜ੍ਹ, ਚੁਨਾਰ ਅਤੇ ਹਜਾਰੀ ਬਾਗ ਆਦਿ ਥਾਵਾਂ ਵਿਚ ਭੇਜਕੇ, ਨਜ਼ਰਬੰਦ ਕਰ ਦਿਤਾ ਗਿਆ। ਸਤਿਗੁਰੂ ਰਾਮ ਸਿੰਘ ਦੇ ਸਰੀਰ ਸ਼ਾਂਤ ਹੋ ਜਾਣ ਬਾਰੇ 1885 ਈ: ਵਿਚ ਅੰਗਰੇਜ਼ ਸਰਕਾਰ ਨੇ ਇਕ ਘਾੜਤ ਘੜੀ ਪਰ ਉਹ ਨਾਮਧਾਰੀਆਂ ਨੂੰ ਸਤਿਗੁਰੂ ਜੀ ਦੇ ਸਚਖੰਡ ਪਧਾਰਨ ਬਾਰੇ ਤਸੱਲੀ ਨਾ ਕਰਵਾ ਸਕੀ। ਅਸਲ ਵਿਚ ਸਤਿਗੁਰੂ ਜੀ 1885 ਈ: ਵਿੱਚ ਅੰਗਰੇਜ਼ ਦੀ ਪਕੜ ਚੋਂ ਨਿਕਲ ਕੇ ਇੱਛਾ ਅਨੁਸਾਰ ਵਿਚਰਨ ਲਗ ਪਏ ।

## ਸਤਿਗੁਰੂ ਹਰੀ ਸਿੰਘ

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਦੇਸ ਗਵਨ ਦੇ ਸਮੇਂ ਤੋਂ ਹੀ ਨਾਮਧਾਰੀ ਪੰਥ ਉਪਰ ਸਾਮਰਾਜੀ ਅੱਤਿਆਚਾਰਾਂ ਅਤੇ ਤਸੀਹਿਆਂ ਦਾ ਇਕ ਝੱਖੜ ਝੁੱਲ ਪਿਆ। ਸਮੁੱਚਾ ਨਾਮਧਾਰੀ ਪੰਥ ਹੀ ਜਰਾਇਮ ਪੇਸ਼ਾ ਕਰਾਰ ਦਿਤਾ ਗਿਆ। ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਦੋ ਤਿੰਨ ਵਾਰ ਤਲਾਸ਼ੀ ਲਈ ਗਈ। ਹੇਠਲੇ ਪਾਣੀ ਤਕ ਜ਼ਮੀਨ ਪੁੱਟੀ ਗਈ। ਸਾਰਾ ਕੀਮਤੀ ਸਾਮਾਨ ਜ਼ਬਤ ਕਰ ਲਿਆ ਗਿਆ। ਗੁਰਦੁਆਰੇ ਦੇ ਬੂਹੇ ਅੱਗੇ ਪੁਲੀਸ ਦੀ ਸਪੈਸਲ ਚੌਕੀ ਬਿਠਾਈ ਗਈ। ਇਸ ਵਿਚ ਨਾਮਧਾਰੀਆਂ ਨੂੰ ਤੰਗ ਕਰਨ ਵਾਸਤੇ ਚੁਣ ਚੁਣ ਕੇ ਨਿਰਦਈ ਸਿਪਾਹੀ ਰਖੇ ਜਾਂਦੇ ਰਹੇ।

ਨਾਮਧਾਰੀਆਂ ਦਿਆਂ ਦਿਵਾਨਾਂ ਮੇਲਿਆਂ ਉਤੇ ਕਰੜੀਆਂ ਪਾਬੰਦੀਆਂ ਲਗਾ ਦਿਤੀਆਂ ਗਈਆਂ। ਮੁਖੀ ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ। ਪੰਜ ਆਦਮੀ ਤੋਂ ਵਧ ਇਕ ਸਮੇਂ ਭੈਣੀ ਸਾਹਿਬ ਦੇ ਗੁਰਦੁਆਰੇ ਨਹੀਂ ਜਾ ਸਕਦੇ ਸਨ। ਅਜੇਹੇ ਵਿਕਟ ਸਮੇਂ ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਕੀਤੀ।

### 'ਸਿਰ ਕਰਤਾ'

ਆਪ ਦਾ ਅਵਤਾਰ ਸੰਮਤ 1879 ਵਿਚ ਅਸੂ ਦੇ ਤੀਜੇ ਨਰਾਤੇ ਨੂੰ ਹੋਇਆ



Sri Satguru Jagjit Singh Ji Elibrary NamdhariElibrary@gmail.com

ਆਪ ਸਤਿਗੁਰੂ ਰਾਮ ਸਿੰਘ ਜੀ ਤੋਂ ਚਾਰ ਸਾਲ ਛੋਟੇ ਸਨ। ਆਪ ਦਾ ਪਹਿਲਾ ਨਾਮ ਬੁਧ ਸਿੰਘ ਸੀ। ਨਾਮਧਾਰੀਆਂ ਨੂੰ ਕੋਈ ਪਤਾ ਨਹੀਂ ਸੀ ਕਿ ਅੰਗ੍ਰੇਜ਼ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਥੇ ਲੈ ਗਏ ਹਨ। ਗੁਰੂ ਹਰੀ ਸਿੰਘ ਜੀ ਨੇ ਗੁਪਤ ਰੂਪ ਵਿਚ ਭਾਈ ਦਰਬਾਰਾ ਸਿੰਘ ਜੀ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਕਢਿਆ। ਉਹ ਰੰਗੂਨ ਤੋਂ ਇਹ ਲਿਖਤੀ ਹੁਕਮਨਾਮਾ ਲਿਆਏ, ਕਿ "ਭਾਈ ਬੁਧ ਸਿੰਘ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ ਇਹ ਸਿਖੀ ਹਰੀ ਰਖੇਗਾ। ਇਸ ਨੂੰ ਸਿਰ ਕਰਤਾ ਜਾਨਣਾ।"

## ਨਿਮਰ ਤੇ ਗਹਰੇ

ਗੁਰੂ ਹਰੀ ਸਿੰਘ ਜੀ ਭਾਵੇਂ ਅਮਲੀ ਰੂਪ ਵਿਚ ਸ੍ਰੀ ਭੈਣੀ ਸਾਹਿਬ ਵਿਚ ਕੈਦ ਹੀ ਸਨ ਪਰ ਜਿਸ ਦੂਰ ਦ੍ਰਿਸ਼ਟੀ ਅਤੇ ਕਾਮਯਾਬੀ ਨਾਲ ਆਪ ਨੇ ਆਜ਼ਾਦੀ ਲਈ ਸੰਘਰਸ਼ ਜਥੇਬੰਦ ਕਰ ਕੇ ਰਖਿਆ ਉਹ ਹੈਰਾਨ ਕੁਨ ਕਹਾਣੀ ਹੈ। ਆਪ ਜੀ ਦੇ ਸਮੇਂ ਸੈਂਕੜੇ ਸਿਖ ਬਰਮਾ ਵਿਚ ਜਾ ਕੇ ਅੰਗ੍ਰੇਜ਼ ਦੀਆਂ ਚਲਾਕ ਅਖਾਂ ਤੋਂ ਬਚਕੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੁਕਮਨਾਮੇਂ (ਪੱਤਰ) ਲਿਆਉਂਦੇ ਰਹੇ। ਜੇਹੜੇ ਇਸ ਜਤਨ ਵਿਚ ਫੜੇ ਜਾਂਦੇ ਮਾਰ ਦਿਤੇ ਜਾਂਦੇ ਜਾਂ ਉਨ੍ਹਾਂ ਨੂੰ ਹੋਰ ਸਖਤ ਸਜ਼ਾਵਾਂ ਹੁੰਦੀਆਂ।

ਇਸੇ ਸਮੇਂ ਹੀ ਸੂਬਾ ਗੁਰਚਰਨ ਸਿੰਘ ਜੀ ਮੁੜ ਰੂਸ ਸਰਕਾਰ ਪਾਸ ਮੱਦਦ ਲੈਣ ਵਾਸਤੇ ਗਏ। ਮਧ ਏਸ਼ੀਆ ਵਿਚ ਸੂਬਾ ਬਿਸ਼ਨ ਸਿੰਘ ਜੀ ਸਰਗਰਮ ਸਨ। ਗੁਰੂ ਹਰੀ ਸਿੰਘ ਜੀ ਦਾ ਪ੍ਰਤੀਨਿਧ ਇੰਗਲੈਂਡ ਵਿਚ ਜਾ ਕੇ ਪੰਜਾਬ ਦੇ ਆਖਰੀ ਜਲਾਵਤਨ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਨੂੰ ਵੀ ਮਿਲਿਆ। ਸਰਕਾਰੀ ਰਿਪੋਰਟ ਵਿਚ ਉਸ ਦਾ ਨਾਮ ਬਨਾਰਸੀ ਬਾਬੂ ਕਰਕੇ ਲਿਖਿਆ ਹੈ।

ਮਹਾਰਾਜਾ ਦਲੀਪ ਸਿੰਘ ਉਨ੍ਹਾਂ ਤੋਂ ਬਹੁਤ ਪ੍ਰਭਾਵਤ ਹੋਏ ਤੇ ਮਹਾਰਾਜਾ ਨੇ ਪੰਜਾਬ ਆਉਣ ਦਾ ਫੈਸਲਾ ਕੀਤਾ। ਭਾਵੇਂ ਅੰਗ੍ਰੇਜ਼-ਭਗਤ ਸਿਖਾਂ ਨੇ ਉਸ ਨੂੰ ਇਸ ਮੰਤਵ ਵਿਚ ਸਫਲ ਨਾ ਹੋਣ ਦਿਤਾ।

ਸ਼ੰਕਰ ਰਾਇ, ਮਾਇਆ ਅਤੇ ਬੁਧ ਸਿੰਘ ਹੋਰ ਅਜਿਹੇ ਦੂਤ ਸਨ ਜੋ ਰੂਸ ਸਰਕਾਰ ਨਾਲ ਸੰਪਰਕ ਰਖਦੇ ਰਹੇ।

ਸੰਨ 1881-82 ਦੇ ਕਾਲ ਸਮੇਂ ਆਪ ਨੇ ਭੁਖਿਆਂ ਵਾਸਤੇ ਲੰਗਰ ਦੇ ਦਰਵਾਜ਼ੇ ਖੁਲ੍ਹੇ ਰਖੇ। ਅੰਗ੍ਰੇਜ਼ ਨੇ ਆਪ ਨੂੰ 2400 ਏਕੜ ਜ਼ਮੀਨ ਲੰਗਰ ਵਾਸਤੇ ਦੇਣੀ



Sri Satguru Jagjit Singh Ji Elibrary NamdhariElibrary@gmail.com

ਚਾਹੀ ਪਰ ਆਪ ਨੇ ਕਿਹਾ "ਸਾਡੀ ਧਰਤੀ ਹੀ ਸਾਨੂੰ ਖ਼ੈਰਾਤ ਵਜੋਂ ਦੇਂਦੇ ਹੋ!"

ਇਕੀ ਸਾਲ ਗੁਰੂ ਹਰੀ ਸਿੰਘ ਜੀ ਨਜ਼ਰਬੰਦੀ ਦੀ ਹਾਲਤ ਵਿਚ ਰਹੇ। ਕੁਝ ਖਾਸ ਹਾਲਤਾਂ ਸਮੇਂ ਸਰਕਾਰ ਦੀ ਇਜਾਜ਼ਤ ਨਾਲ ਉਹਨਾਂ ਭੈਣੀ ਸਾਹਿਬ ਤੋਂ ਬਾਹਰ ਪੈਰ ਪਾਏ।

ਅੰਗ੍ਰੇਜ਼ ਸਰਕਾਰ ਵਲੋਂ ਨਾਮਧਾਰੀਆਂ ਉਪਰ ਹਰ ਤਰ੍ਹਾਂ ਦੇ ਤਸ਼ੱਦਦ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਧੀਰਜ, ਤਿਆਗ, ਦ੍ਰਿੜ੍ਹਤਾ ਅਤੇ ਗੁਪਤ ਸਰਗਰਮੀਆਂ ਨਾਲ ਨਾਮਧਾਰੀ ਪੰਥ ਦੀ ਬੇੜੀ ਨੂੰ ਸਹੀ ਸੇਧ ਤੇ ਚਲਾਈ ਰਖਿਆ।

ਗੁਰੂ ਹਰੀ ਸਿੰਘ ਜੀ ਜੇਠ ਵਦੀ ਦਸਵੀਂ ਸੰਮਤ 1963 ਨੂੰ ਜੋਤੀ ਜੋਤ ਸਮਾ ਗਏ।



## ਸਤਿਗੁਰੂ ਪ੍ਰਤਾਪ ਸਿੰਘ

ਸਤਿਗੁਰੂ ਹਰੀ ਸਿੰਘ ਜੀ ਪਿਛੋਂ ਨਾਮਧਾਰੀ ਪੰਥ ਦੀ ਵਾਗ-ਡੋਰ ਮਹਾਂ ਤੇਜਸਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲੀ। ਆਪ ਨੇ ਸਤਾਰਾਂ ਸਾਲਾਂ ਦੀ ਉਮਰ ਵਿਚ ਇਸ ਜ਼ਿਮੇਂਵਾਰੀ ਵਾਲੀ ਪਦਵੀ ਨੂੰ ਗ੍ਰਹਿਣ ਕੀਤਾ ਤੇ ਫੇਰ ਨਾਮਧਾਰੀ ਪੰਥ ਦੀ ਹਰ ਪਾਸਿਓਂ ਉੱਨਤੀ ਲਈ ਪਰਜਤਨ ਜਾਰੀ ਕੀਤੇ।

ਆਪ ਚੇਤ ਵਦੀ ਤੀਜ 1949 ਬਿਕ੍ਰਮੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਣ ਕੌਰ ਜੀ ਦੇ ਘਰ ਪ੍ਰਗਟ ਹੋਏ।



Sri Satguru Jagjit Singh Ji Elibrary NamdhariElibrary@gmail.com

ਆਪ ਜੀ ਦੇ ਜਨਮ ਸਮੇਂ ਤੋਂ ਹੀ ਨਾਮਧਾਰੀ ਪੰਥ ਉਤੇ ਛਾਏ ਜ਼ੁਲਮ ਦੇ ਬੱਦਲ ਕੁਝ ਹੌਲੇ ਹੋਣ ਲਗ ਪਏ। ਪਾਬੰਦੀਆਂ ਢਿੱਲੀਆਂ ਹੋਣ ਲਗ ਪਈਆ । ਆਪ ਦੇ ਅਹਿਦ ਵਿਚ ਹੀ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਵਿਖੇ ਬਠਾਈ ਗਈ ਪੁਲੀਸ ਚੌਕੀ ਸੰਨ1923 ਵਿਚ ਉਠਾਈ ਗਈ। ਇਸ ਤੋਂ ਪਿਛੋਂ ਹਰ ਖੇਤਰ ਵਿਚ ਨਾਮ-ਧਾਰੀ ਪੰਥ ਉਨਤੀ ਦੀਆਂ ਉਲਾਂਘਾਂ ਪੁਟਦਾ ਗਿਆ।

## ਸੁਚੇਤ ਰਾਜ ਨੇਤਾ

ਆਪ ਨੇ ਦੇਸ਼ ਆਜ਼ਾਦੀ ਦੇ ਘੋਲ ਵਿਚ ਉਸ ਵਕਤ ਭਾਰਤੀ ਨੈਸ਼ਨਲ ਕਾਂਗ-ਰਸ ਨੂੰ ਪੂਰਾ ਪੂਰਾ ਸਹਿਯੋਗ ਦਿਤਾ ਅਤੇ ਉਘੇ ਨਾਮਧਾਰੀ ਨੇਤਾ ਪੰਜਾਬ ਕਾਂਗਰਸ ਦੀ ਅਗਵਾਈ ਕਰਨ ਲਗੇ। ਸੰਨ 1629 ਦੇ ਲਾਹੌਰ ਦੇ ਮਸ਼ਹੂਰ ਕਾਂਗਰਸ ਸੈਸ਼ਨ ਸਮੇਂ, ਜਿਸ ਵਿਚ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ, ਨੂੰ ਸਫਲ ਬਣਾ-ਉਣ ਵਾਸਤੇ ਆਪ ਨੇ ਅਣਥਕ ਯਤਨ ਕੀਤੇ। ਉਘੇ ਕਾਂਗਰਸੀ ਨੇਤਾ ਪੰਡਤ ਜਵਾ-ਹਰ ਲਾਲ, ਡਾਕਟਰ ਰਾਜਿੰਦਰ ਪ੍ਰਸਾਦ, ਪਟਾਭੀ ਸੀਤਾ ਰਮਈਆ, ਕੇ.ਐਮ. ਮੁਨਸ਼ੀ ਆਪ ਦੇ ਜੀਵਨ ਅਤੇ ਨਿਰਇਛਤ ਸਹਿਯੋਗ ਤੋਂ ਬਹੁਤ ਪ੍ਰਭਾਵਤ ਹੋਏ।

ਸੰਨ 1914 ਦੇ ਪਹਿਲੇ ਸੰਸਾਰ-ਯੁਧ ਸਮੇਂ ਅੰਗ੍ਰੇਜ਼ਾਂ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਤੁਸੀਂ ਅੰਗ੍ਰੇਜ਼ੀ ਫੌਜ ਵਿਚ ਭਰਤੀ ਦੇ ਹੱਕ ਵਿਚ ਬਿਆਨ ਦਿਓ ਅਤੇ ਬਹੁਤ ਵਡੀ ਜਾਗੀਰ ਲੈ ਲਵੋ ਅਤੇ ਇਸ ਤੋਂ ਇਲਾਵਾ ਨਾਮਧਾਰੀਆਂ ਤੋਂ ਸਾਰੀਆਂ ਪਾਬੰ-ਦੀਆਂ ਉਠਾ ਲਈਆਂ ਜਾਣਗੀਆਂ ਪਰੰਤੂ ਆਪ ਨੇ ਇਸ ਪੇਸ਼ਕਸ਼ ਨੂੰ ਪਰਵਾਨ ਕਰਨੋ ਇਨਕਾਰ ਕਰ ਦਿਤਾ।

ਨਾਮਧਾਰੀ ਪੰਥ ਦੇ ਪ੍ਰਚਾਰ ਵਾਸਤੇ ਆਪ ਜੀ ਨੇ 'ਸਤਿਜੁਗ' ਅਖਬਾਰ ਚਾਲੂ ਕੀਤਾ ਜੋ ਪਿਛਲੀ ਅਧੀ ਸਦੀ ਤੋਂ ਸੇਵਾ ਕਰਦਾ ਆ ਰਿਹਾ ਹੈ।

ਆਪ ਦੇ ਸਮੇਂ ਵਿਚ ਨਾਮਧਾਰੀਆਂ ਵਲੋਂ ਲਖਾਂ ਹੀ ਸ੍ਰੀ ਆਦਿ ਅਤੇ ਦਸਮ ਗ੍ਰੰਥ ਸਾਹਿਬ ਦੇ ਪਾਠ, ਚੰਡੀ ਦੀ ਵਾਰ ਦੇ ਪਾਠ ਅਤੇ ਹੋਮ ਯੱਗ ਕੀਤੇ ਗਏ।

## ਅਵਿਰਕੂ ਪਹੁੰਚ

ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਦੇ ਵਿਕਾਸ, ਸੰਪ੍ਰਦਾਇਕ ਏਕਤਾ ਅਤੇ ਧਾਰਮਕ ਤੇ ਰਾਜਸੀ ਸਹਿਹੋਂਦ ਦੇ ਖੇਤਰਾਂ ਵਿਚ ਆਪ ਨੇ ਸਦਾ-ਸਲਾਹੁਣ ਯੋਗ ਕੰਮ



Sri Satguru Jagjit Singh Ji Elibrary NamdhariElibrary@gmail.com

ਕੀਤਾ । ਆਪਣੇ ਸਮੇਂ ਵਿਚ ਗੁਰਮਤ ਸੰਗੀਤ, ਹਿੰਦੂ-ਸਿਖ-ਮੁਸਲਿਮ ਮਿਲਾਪ ਅਤੇ ਗੁਰੂ ਨਾਨਕ ਸਰਬ ਸੰਪਰਦਾਇਕ ਕਾਨਫਰੰਸਾਂ ਕਰਕੇ ਵੱਖ ਵੱਖ ਧਰਮਾਂ, ਜਾਤੀਆਂ, ਫਿਰਕਿਆਂ ਅਤੇ ਸੰਪ੍ਰਦਾਵਾਂ ਨੂੰ ਨੇੜੇ ਲਿਆਣ ਦੇ ਪੂਰਨੇ ਪਾਏ ।

ਅਗਸਤ 1947 ਵਿਚ ਸਤਿਗੁਰੂ ਜੀ ਨੇ ਅੰਗਰੇਜ਼ ਦਾ ਬੋਰੀਆ ਬਿਸਤਰਾ ਗੋਲ ਹੁੰਦਿਆਂ ਦੇਖਿਆ ਅਤੇ ਦੇਸ਼ ਦੇ ਸੁਤੰਤਰ ਹੋਣ ਤੇ ਬਹੁਤ ਖੁਸ਼ੀ ਮਨਾਈ । ਪਾਕਿਸਤਾਨ ਤੋਂ ਉਜੜ ਕੇ ਆਏ ਨਾਮਧਾਰੀਆਂ ਨੂੰ ਤਿੰਨ ਚਾਰ ਸਾਲ ਲਗਾਤਾਰ ਪਰਜਤਨ ਕਰਕੇ, ਮੁੜ ਵਸਾਣ ਵਿਚ ਭਾਰੀ ਹਿੱਸਾ ਪਾਇਆ ।

ਨਾਮਧਾਰੀ ਕਿਸਾਨਾਂ ਦੀ ਮੰਦੀ ਹਾਲਤ ਨੂੰ ਵੇਖਕੇ ਸ੍ਰੀ ਜੀਵਨ ਨਗਰ ਦਾ ਇਲਾਕਾ ਨਾਮਧਾਰੀ ਸੰਗਤਾਂ ਦੇ ਸਹਿਯੋਗ ਨਾਲ ਖਰੀਦ ਕੇ ਆਬਾਦ ਕੀਤਾ ਅਤੇ ਉਸਨੂੰ ਭਾਰਤ ਚੋਂ ਸਭ ਤੋਂ ਵਧ ਉਪਜਾਊ ਬਨਾਣ ਲਈ ਲੋਕਾਂ ਵਿਚ ਉਤਸ਼ਾਹ ਜਗਾਇਆ । ਆਪ ਧਰਮ ਉਪਦੇਸ਼ ਤੇ ਪਰਸਪਰ ਸਹਿਯੋਗ ਦੀ ਭਾਵਨਾ ਜਗਾਣ ਵਾਸਤੇ ਬਰਮਾ, ਥਾਈਲੈਂਡ, ਅਫਰੀਕਾ ਦੇ ਦੇਸ਼ਾ ਵਿਚ ਕਈ ਵਾਰ ਪਧਾਰੇ । ਸ੍ਰੀ ਭੈਣੀ ਸਾਹਿਬ ਅਤੇ ਪਿਛੋਂ ਸ੍ਰੀ ਜੀਵਣ ਨਗਰ ਵਿਚ ਗਊ ਸ਼ਾਲਾ ਸਥਾਪਤ ਕਰਕੇ ਦੇਸ਼ ਨੂੰ ਵਧੀਆ ਅਤੇ ਜ਼ਿਆਦਾ ਦੁਧ ਦੇਣ ਵਾਲੀਆਂ ਗਊਆਂ ਦੀ ਉਨਤ ਨਸਲ ਭੇਟ ਕੀਤੀ । ਆਪ ਦੀਆਂ ਬ੍ਰੀਡ ਕੀਤੀਆਂ ਗਊਆਂ ਹਮੇਸ਼ਾਂ ਆਲ ਇੰਡੀਆ ਮੁਕਾਬਲੇ ਵਿਚੋਂ ਅੱਵਲ ਆਉਂਦੀਆਂ ਰਹੀਆਂ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮ-ਧਾਰੀ ਭਾਰਤ ਤੋਂ ਇਲਾਵਾ ਥਾਈਲੈਂਡ, ਅਫਰੀਕਾ ਅਤੇ ਇੰਗਲੈਂਡ ਵਿਚ ਖੁਸ਼ਹਾਲ ਜ਼ਿੰਦਗੀ ਵਲ ਵਧਣ ਲਗੇ ।

ਵੰਨ ਸੁਵੰਨੇ ਰੂਪ ਧਾਰਦਾ, ਯੁਗ ਯੁਗਾਂਤਰੋਂ ਆਇਆ
ਦੇਇਆ ਧਰਮ ਦੀਆਂ ਸੁੱਟ ਸੁੱਟ ਕਿਰਨਾਂ, ਇਸ ਜਗ ਨੂੰ ਰੁਸ਼ਨਾਇਆ
ਸਦਕੇ 'ਉਸ' ਦੇ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ :
ਦੇ ਜਗਜੀਤ ਸਤਿਗੁਰੂ ਪਿਆਰਾ ਉਸ ਵਿਚ 'ਆਪ' ਛੁਪਾਇਆ ।



Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ



ਰੱਬ ਦੀ ਮਿਹਰੰਮਤ ਨੇ ਤ੍ਰੁਠਕੇ, ਮਾਨੁਖ ਤਨ ਅਪਣਾਇਆ,
ਉਸ ਵਿਚ ਰੂਪ, ਰੰਗ, ਰਸ ਪਾ ਕੇ, ਡੂੰਘਾ ਦਰਦ ਛੁਪਾਇਆ,
ਖ਼ੁਸ਼ ਲਿਬਾਸ, ਖ਼ੁਸ਼ ਬੋਲ ਮਹਿਰਮੀ, ਝਲਕ ਰੰਗੀਨੀਆਂ ਵਾਲੀ :
ਕੌਣ ਜੁ ਇਸ ਨੂੰ ਤੱਕ ਨ ਪਿਆਰੇ, ਇਹ ਪਿਆਰੇ ਦਾ ਜਾਇਆ ।



Sri Satguru Jagjit Singh Ji Elibrary NamdhariElibrary@gmail.com

ਵਰਤਮਾਨ ਸਮੇਂ ਵਿਚ ਨਾਮਧਾਰੀ ਪੰਥ ਦੀ ਵਾਗ ਡੋਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਸੁਚੱਜੇ ਹੱਥਾਂ ਵਿਚ ਹੈ। ਆਪ ਜੀ ਦਾ ਜਨਮ 8 ਮਘਰ ਸੰਮਤ 1977 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਵਿੱਦਿਆ ਸਤਿਗੁਰੂ ਪ੍ਰਤਾਪ ਸਿੰਘ ਦੇ ਚਲਾਏ ਨਾਮਧਾਰੀ ਮਹਾਂ-ਵਿਦਿਆਲਾ ਸ੍ਰੀ ਭੈਣੀ ਸਾਹਿਬ ਤੋਂ ਪ੍ਰਾਪਤ ਕੀਤੀ।

ਆਪ ਬੜੇ ਮਿੱਠੇ, ਸ਼ਾਂਤ ਅਤੇ ਹਸਮੁਖ ਸੁਭਾਉ ਦੇ ਹਨ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਨਿਰੰਤਰ ਜਤਨ ਕਰ ਰਹੇ ਹਨ। ਅਜ ਸਾਇੰਸ ਦੇ ਯੁਗ ਵਿਚ ਜਦ ਲੋਕਾਂ ਦੀ ਧਰਮ ਵਲ ਪਹੁੰਚ ਅਤੇ ਸੋਚਣੀ ਵਿਚ ਬਹੁਤ ਫਰਕ ਆ ਗਿਆ ਹੈ, ਆਪ ਧਰਮ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਰਖਕੇ ਉਹਨਾਂ ਨੂੰ ਸਚੇ ਮਾਰਗ ਤੇ ਚੱਲਣ ਲਈ ਪ੍ਰੇਰਤ ਕਰ ਰਹੇ ਹਨ।

ਆਪ ਭਾਰਤੀ ਸਭਿਆਚਾਰ ਅਤੇ ਰਹਿਣ ਸਹਿਣ ਦੇ ਢੰਗ ਦੇ ਵੱਡੇ ਮੁਦੱਈ ਹਨ ਅਤੇ ਲੋਕਾਂ ਨੂੰ ਚੰਗੀ ਤਰ੍ਹਾਂ ਭਾਰਤੀ ਰਵਾਇਤਾਂ ਅਪਨਾਉਣ ਵਾਸਤੇ ਉਪਦੇਸ਼ ਕਰਦੇ ਹਨ।

ਕੌਮੀ ਤੇ ਕੌਮਾਂਤਰੀ ਮਸਲਿਆਂ ਵਿਚ ਆਪ ਅਗਾਂਹ-ਵਧੂ ਖਿਆਲ ਰਖਦੇ ਹਨ। ਸੰਸਾਰ ਅਮਨ ਲਹਿਰ ਵਿਚ ਆਪ ਵਧ ਚੜ੍ਹਕੇ ਹਿੱਸਾ ਲੈ ਰਹੇ ਹਨ। ਅਤੇ ਭਾਰਤੀ ਅਮਨ ਕੌਂਸਲ ਦੇ ਪ੍ਰਧਾਨਗੀ ਮੰਡਲ ਦੇ ਸਤਿਕਾਰੇ ਮੈਂਬਰ ਹਨ।

ਨਾਮਧਾਰੀਆਂ ਦੇ ਸੁਨਹਿਰੀ ਇਤਿਹਾਸ ਨੂੰ ਦੁਨੀਆਂ ਸਾਹਮਣੇ ਲਿਆਉਣ ਵਾਸਤੇ ਆਪ ਯਤਨਸ਼ੀਲ ਹਨ। ਸੰਨ 1963 ਵਿਚ ਨਾਮਧਾਰੀਆਂ ਵਲੋਂ ਆਪ ਦੀ ਛਤਰ ਛਾਇਆ ਹੇਠ ਅਨੰਦ ਕਾਰਜ ਰੀਤੀ ਦੀ ਸ਼ਤਾਬਦੀ ਮਨਾਈ ਗਈ। ਇਸ ਸਬੰਧੀ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ 149 ਜੋੜਿਆਂ ਦੇ ਸਮੂਹਕ ਅਨੰਦ ਕਾਰਜਾਂ ਨੂੰ ਸਾਰੀ ਦੁਨੀਆਂ ਵਿਚ ਅਖਬਾਰਾਂ, ਰੇਡੀਓ ਅਤੇ ਟੈਲੀਵੀਜ਼ਨ ਰਾਹੀਂ ਪਰਚਾਰਿਆ ਗਿਆ। ਹੁਣ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ-ਗਵਨ-ਸ਼ਤਾਬਦੀ ਵੀ ਆਪ ਦੀ ਪ੍ਰੇਰਨਾ ਨਾਲ ਉੱਚੇ ਪੱਧਰ ਤੇ ਮਨਾਈ ਜਾ ਰਹੀ ਹੈ।

ਸੰਨ 1965 ਵਿਚ ਆਪ ਨੇ ਪੜ੍ਹੇ ਲਿਖੇ ਨਾਮਧਾਰੀ ਨੌਜੁਆਨਾਂ ਅਤੇ ਵਿਦਿਆਰਥੀਆਂ ਨੂੰ ਜਥੇਬੰਦ ਕਰਕੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੀ



Sri Satguru Jagjit Singh Ji Elibrary NamdhariElibrary@gmail.com

ਸਥਾਪਨਾ ਕੀਤੀ ਅਤੇ ਉਹਨਾਂ ਨੂੰ ਧਰਮ, ਸਾਹਿਤ ਅਤੇ ਕਲਾ ਦੇ ਵਿਕਾਸ ਵਾਸਤੇ ਉਤਸਾਹਤ ਕੀਤਾ।

ਆਪ ਸ਼ਾਸਤਰੀ ਸੰਗੀਤ ਕਲਾ ਦੇ ਉਚ ਕੋਟੀ ਦੇ ਪਾਰਖੂ, ਵਿਦਵਾਨ ਅਤੇ ਕਦਰਦਾਨ ਹਨ। ਬਾਗ਼ਬਾਨੀ ਅਤੇ ਕਿਰਸਾਨੀ ਵਿਚ ਆਪ ਵਿਸ਼ੇਸ਼ ਰੁਚੀ ਰਖਦੇ ਹਨ।

ਗਊ ਰਖਿਆ, ਗਊ ਪਾਲਨ ਅਤੇ ਗਊਆਂ ਦੀ ਨਸਲ ਸੁਧਾਰਨ ਅਤੇ ਚੰਗੀਆਂ ਵਧੀਆ ਦੁਧਾਰੂ ਗਊਆਂ ਤਿਆਰ ਕਰਨ ਕਰਕੇ ਭਾਰਤ ਸਰਕਾਰ ਵਲੋਂ ਆਪ ਨੂੰ 'ਗੋਪਾਲ ਰਤਨ' ਦਾ ਸਨਮਾਨ ਮਿਲਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਾਂਗ ਆਪ ਦੇ ਸਮੇਂ ਵਿਚ ਵੀ ਨਾਮਧਾਰੀਆਂ ਨੇ ਲੱਖਾਂ ਦੀ ਗਿਣਤੀ ਵਿਚ ਸਾਧਾਰਣ ਅਤੇ ਅਖੰਡ ਪਾਠ ਕੀਤੇ ਹਨ।

ਦੁਨੀਆਂ ਦੇ ਭਲੇ ਵਾਸਤੇ ਆਪ ਅਨੇਕਾਂ ਵਾਰ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਗਏ ਹਨ। ਥਾਈਲੈਂਡ, ਜਪਾਨ, ਬਰਮਾ, ਅਫਰੀਕਾ ਦੇ ਦੇਸ਼, ਇੰਗਲੈਂਡ ਜ਼ਰਮਨੀ ਅਤੇ ਹੋਰ ਯੂਰਪੀਨ ਦੇਸ਼ਾਂ ਦਾ ਵੀ ਭਰਮਣ ਕਰ ਚੁਕੇ ਹਨ।

ਜਿਨ੍ਹਾਂ ਦਿਸੰਦੜਿਆਂ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ।



Sri Satguru Jagjit Singh Ji Elibrary NamdhariElibrary@gmail.com

# ਬਸੰਤ ਉਤਸਵ
# 1971

ਮੂਲ :—75 ਪੈਸੇ

ਪ੍ਰਕਾਸ਼ਕ :—ਨਾਮਧਾਰੀ ਵਿਦਿਅਕ ਜਥਾ, ਜੰਮੂ

ਪ੍ਰਿੰਟਰ : ਗੁਰਬਖਸ਼ ਸਿੰਘ ਜੰਜੂਆ,
ਅਵਾਮੀ ਪ੍ਰਿੰਟਿੰਗ ਪ੍ਰੈਸ, ਨਹਿਰੂ ਗਾਰਡਨ ਰੋਡ, ਜਲੰਧਰ।



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com